ISSN 0972-2335

# ਅੰਮ੍ਰਿਤ ਕੀਰਤਨ

ਅਕਤੂਬਰ 2021

ੴ ਸਤਿਗੁਰ ਪ੍ਰਸਾਦਿ॥
ਸਲੋਕ ਮਹਲਾ ੯ ॥

**ਗੁਨ ਗੋਬਿੰਦ ਗਾਇਓ ਨਹੀਂ**
**ਜਨਮੁ ਅਕਾਰਥ ਕੀਨੁ ॥**
**ਕਹੁ ਨਾਨਕ ਹਰਿ ਭਜੁ ਮਨਾ**
**ਜਿਹ ਬਿਧਿ ਜਲ ਕਉ ਮੀਨੁ ॥੧॥**

ਹੇ ਭਾਈ ! ਜੇ ਤੂੰ ਪਰਮਾਤਮਾ ਦੇ ਗੁਣ ਕਦੇ ਨਹੀਂ ਗਾਏ, ਤਾਂ ਤੂੰ ਆਪਣਾ ਮਨੁੱਖਾ ਜਨਮ ਨਿਕੰਮਾ ਕਰ ਲਿਆ ।ਹੇ ਨਾਨਕ ! ਆਖ–ਹੇ ਮਨ ! ਪਰਮਾਤਮਾ ਦਾ ਭਜਨ ਕਰਿਆ ਕਰ (ਤੇ, ਉਸ ਨੂੰ ਇਉਂ ਜ਼ਿੰਦਗੀ ਦਾ ਆਸਰਾ ਬਣਾ) ਜਿਵੇਂ ਪਾਣੀ ਨੂੰ ਮੱਛੀ (ਆਪਣੀ ਜਿੰਦ ਦਾ ਆਸਰਾ ਬਣਾਈ ਰੱਖਦੀ ਹੈ) ।੧।

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/–



## ਛਨੀਛਰਵਾਰ (ਸ਼ਨੀਵਾਰ)

ਛਨੀਛਰਵਾਰ ਚੜ੍ਹਿਆ ਲੋਕੀਂ ਸਿੱਧ
ਕਰਕੇ,
ਪੂਰਾ ਕਰਨ ਲਈ ਕੰਮ
ਮੰਨਾਈਦਾ ਏ।
ਜਿਸ ਤੋਂ ਆਸ ਲੱਗੇ ਕੰਮ ਹੋਵਣੇ ਦੀ,
ਹੱਥ ਜੋੜ ਕੇ ਸੀਸ ਨਿਵਾਈਦਾ
ਏ।
ਰੱਬ ਬਹੁਤ ਕੀਤੀ ਕਿਰਪਾ ਅਸਾਂ ਉਤੇ,
ਲੱਖਾਂ ਵਾਰ ਹੀ ਸ਼ੁਕਰ
ਮੰਨਾਈਦਾ ਏ।
ਛੋਟੇ ਕਰਨ ਸਤਿਕਾਰ ਜੇ ਵੱਡਿਆਂ ਦਾ,
ਵੱਡਿਆਂ ਛੋਟਿਆਂ ਤਾਈਂ
ਸਲਾਹੀਦਾ ਏ।

## छनीछरवार (शनिवार)

छनीछरवार चढ़िया लोकी सिद्ध
करके ,
पूरा करन लई कम
मनाईदा ए ।
जिस तों आस लगें कम होवणे दी ,
हत्थ जोड़ के सीस
निवाईदा ए ।
रब्ब बहुत कीती कृपा असां उते ,
लखां वार ही शुक्र
मनाईदा ऐ ।
छोटे करन सतिकार जे वडियां दा,
वडिया छोटियां ताई
सलाहीदा ए ।

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ : 15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
(ਫੋਨ :0172-4782705, 98150-72197) ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| ਛਨੀਛਰਵਾਰ<br>ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ : ਕਰਉ ਬੇਨੰਤੀਆ -<br>ਸਿੱਖ ਐਜੂਕੇਸ਼ਨ ਸੁਸਾਇਟੀ | 2 |
| ਜਹ ਜਹ ਦੇਖਾ ਤਹ ਤਹ ਤੂ ਹੈ<br>ਡਾ. ਜਾਗੀਰ ਸਿੰਘ | 4 |
| ਸਿੱਖੀ ਜੀਵਨ ਦੀ ਵਿਵਹਾਰਿਕਤਾ ਵਿੱਚ ਸ਼ਬਦ ਕੀਰਤਨ ਦਾ ਮਹੱਤਵ<br>ਸਤਵੰਤ ਕੌਰ | 10 |
| ਤਿੰਨ ਤਾਲ ਕਾਇਦਾ ਸੀਰੀਜ<br>ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ<br>(ਲਾਹੌਰ ਬਾਜ ਪੰਜਾਬ ਘਰਾਣਾ) | 18 |
| ਸੁਰ ਲਿਪੀ -ਰਾਗੁ ਦੇਵਗੰਧਾਰੀ<br>ਗਿ. ਗੁਰਦੇਵ ਸਿੰਘ ਸਿਡਨੀ, ਆਸਟਰੇਲੀਆ | 20 |
| ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ | ਟਾ-4 |



Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਸਿੱਖ ਐਜੂਕੇਸ਼ਨ ਸੁਸਾਇਟੀ

ਪਿਛਲੇ ਦਿਨੀਂ ਮੈਨੂੰ ਕਰਨਲ ਜਸਮੇਰ ਸਿੰਘ ਬਾਲਾ ਜੀ ਦਾ ਫੋਨ ਆਇਆ। ਉਹਨਾਂ ਮੈਗਜ਼ੀਨ ਅੰਮ੍ਰਿਤ ਕੀਰਤਨ ਪੜ੍ਹ ਕੇ ਮੈਨੂੰ ਸ਼ਾਬਾਸ਼ੀ ਦਿੱਤੀ। ਮੈਗਜ਼ੀਨ ਦੀ ਨਿਰੰਤਰ ਪ੍ਰਕਾਸ਼ਨਾਂ ਅਤੇ ਮੇਰੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਮੈਨੂੰ ਧਿਆਨ ਆਇਆ ਕਿ ਮੇਰੀ ਜ਼ਿੰਦਗੀ ਵਿੱਚ ਮੈਂ ਜਿਹੜੀਆਂ ਪ੍ਰਾਪਤੀਆਂ ਕੀਤੀਆਂ ਹਨ ਇਹ ਕੇਵਲ ਮੇਰੇ ਵਿਅਕਤੀਗਤ ਜਤਨਾਂ ਕਰਕੇ ਤਾਂ ਨਹੀਂ ਹੋਈਆਂ ਇਸ ਵਿੱਚ ਤਾਂ ਕਰਨਲ ਬਾਲਾ ਜਿਹੇ ਅਨੇਕ ਸੁਹਿਰਦ ਮਹਾਂਪੁਰਖਾਂ ਦਾ ਯੋਗਦਾਨ ਹੈ। ਮੈਨੂੰ ਅਲਬਰਟ ਆਈਨਸਟਾਈਨ ਦੇ ਸ਼ਬਦ ਯਾਦ ਆਏ–A hundred times everyday I remind myself that my inner and outer life are base on the labours of other men living and dead and that I must exert myself in orde to give in the same measure as I have received and still receiving .

ਇਸ ਤਰ੍ਹਾਂ ਮੇਰੀ ਜ਼ਿੰਦਗੀ ਵਿੱਚ ਸਿੱਖ ਐਜੂਕੇਸ਼ਨ ਸੁਸਾਇਟੀ ਦਾ ਵੱਡਾ ਯੋਗਦਾਨ ਹੈ। ਸਿੱਖ ਐਜੂਕੇਸ਼ਨ ਸੁਸਾਇਟੀ ਹੋਰ ਅਦਾਰਿਆਂ ਦੇ ਨਾਲ ਨਾਲ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਨੂੰ ਵੀ ਚਲਾ ਰਹੀ ਹੈ। ਇਸ ਦੇ ਪ੍ਰਬੰਧਕਾਂ ਦੀ ਮੇਰੇ ਤੇ ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਰਹੀ ਹੈ। ਪ੍ਰਿੰਸੀਪਲ ਗੁਰਬਖਸ਼ ਸਿੰਘ ਸ਼ੇਰਗਿਲ 1974 ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੇ ਪ੍ਰਿੰਸੀਪਲ ਸਨ। ਉਹਨਾਂ ਆਪਣੇ ਵਿਸ਼ੇਸ਼ ਜਤਨਾਂ ਅਤੇ ਪ੍ਰੇਰਨਾ ਨਾਲ ਮੈਨੂੰ ਗੁਰਦੁਆਰਾ ਸਰਵਿਸ ਤੋਂ ਗੁਰੂ ਗੋਬਿੰਦ ਸਿੰਘ ਕਾਲਜ ਵਿੱਚ ਲਿਆਂਦਾ। ਉਦੋਂ ਮੈ ਆਪਣੇ ਆਪ ਨੂੰ ਬਹੁਤਾ ਯੋਗ ਨਹੀਂ ਸੀ ਸਮਝਦਾ ਪਰ ਪ੍ਰਿੰਸੀਪਲ ਸ਼ੇਰਗਿਲ ਹੋਰਾਂ ਨੂੰ ਮੇਰੇ ਨਾਲੋਂ ਮੇਰੇ ਤੇ ਵਧੇਰੇ ਭਰੋਸਾ ਸੀ। ਉਹਨਾਂ ਮੈਨੂੰ ਹੋਸਟਲ ਦਾ ਵਾਰਡਨ ਬਣਾਇਆ ਤੇ ਫਿਰ ਆਪਣੀ ਦੇਖ ਰੇਖ ਵਿੱਚ ਮੇਰੀ ਖਾਸ ਤਰ੍ਹਾਂ ਦੀ ਟ੍ਰੇਨਿਗ ਅਰੰਭੀ ਅਤੇ ਉਹਨਾਂ ਨੇ ਮੇਰੀ ਜ਼ਿੰਦਗੀ ਨੂੰ ਇੱਕ ਅਨੁਸ਼ਾਸਨ ਵਿੱਚ ਲੈ ਆਂਦਾ। ਉਹਨਾਂ ਦੀ ਪ੍ਰਬੰਧਕੀ ਸਖਤਾਈ ਤੋਂ ਮੈਂ ਉਦੋਂ ਬਹੁਤ ਔਖਾ ਹੁੰਦਾ ਸੀ। ਪਰ ਬਾਅਦ ਵਿੱਚ ਇਸ ਸਖਤਾਈ ਸਦਕਾ ਨੌਕਰੀਆਂ ਕਰਨੀਆਂ ਸੌਖੀਆਂ ਹੋ ਗਈਆਂ।

ਪ੍ਰਿੰਸੀਪਲ ਸ਼ੇਰਗਿਲ ਅੰਮ੍ਰਿਤਸਰ ਖਾਲਸਾ ਕਾਲਜ ਦੇ ਪ੍ਰਿੰਸੀਪਲ ਬਣ ਕੇ ਚਲੇ ਗਏ। ਉਹ ਮੈਨੂੰ ਵੀ ਉਥੇ ਲਿਜਾਣਾ ਚਾਹੁੰਦੇ ਸਨ ਪਰ ਮੈਂ ਆਪਣੀਆਂ ਪਰਿਵਾਰਿਕ ਮਜਬੂਰੀਆਂ ਕਾਰਨ ਚੰਡੀਗੜ੍ਹ ਨਹੀਂ ਸੀ ਛੱਡ ਸਕਦਾ ਅਤੇ ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਬਤੌਰ ਵਿਸ਼ਾ ਮਾਹਿਰ ਦੇ ਨੌਕਰੀ ਕਰਨ ਲੱਗ ਪਿਆ। ਇਸ ਸਮੇਂ ਵੀ ਸਿੱਖ ਐਜੂਕੇਸ਼ਨ ਸੁਸਾਇਟੀ ਦੀ ਕਿਰਪਾ ਦ੍ਰਿਸ਼ਟੀ ਮੇਰੇ ਤੇ ਬਣੀ ਰਹੀ। ਜਦੋਂ ਪ੍ਰਿੰਸੀਪਲ ਭਰਪੂਰ ਸਿੰਘ ਜੀ ਸਿੱਖ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਬਣੇ ਅਤੇ ਕਰਨਲ ਬਾਲਾ ਸਕੱਤਰ ਬਣੇ ਤਾਂ ਇਹਨਾਂ ਨੇ ਮੈਨੂੰ ਬਹੁਤ ਮਾਨ ਸਨਮਾਨ ਦਿੱਤੇ। ਲਗਭਗ ਹਰ ਸਮਾਗਮ ਤੇ ਮੈਂ ਕੀਰਤਨ ਕਰਦਾ ਰਿਹਾ। ਇੱਕ ਸਾਲ ਇਹਨਾਂ ਨੇ ਮੈਨੂੰ ਉਸ ਸਾਲ ਦਾ ਵਿਦਵਾਨ ਸਨਮਾਨਿਆਂ ਤੇ

ਮਾਇਆ ਦੀ ਥੈਲੀ ਭੇਟ ਕੀਤੀ। ਮੇਰੀ ਬੇਟੀ ਇਸੇ ਕਾਲਜ ਵਿੱਚ ਪੜ੍ਹੀ ਅਤੇ ਉਸ ਨੇ ਐਮ ਐਸਸੀ ਆਈ ਟੀ ਕੀਤੀ। ਮੇਰੀ ਬੇਨਤੀ ਤੇ ਉਸ ਦੀ ਪ੍ਰਤਿਭਾ ਨੂੰ ਪਛਾਣਦਿਆਂ ਉਸਨੂੰ ਇਸੇ ਕਾਲਜ ਵਿੱਚ ਬਤੌਰ ਲੈਕਚਰਾਰ ਨਿਯੁਕਤ ਕੀਤਾ। ਉਹ ਲੱਗਭਗ ਸੱਤ ਸਾਲ ਇਸ ਕਾਲਜ ਵਿੱਚ ਸੇਵਾ ਕਰਦੀ ਰਹੀ। ਇਤਨਾ ਹੀ ਨਹੀਂ ਕਰਨਲ ਬਾਲਾ ਹੋਰਾਂ ਨੇ ਮੇਰੇ ਛੋਟੇ ਵੀਰ ਡਾਕਟਰ ਗੁਰਨਾਮ ਸਿੰਘ ਨੂੰ ਇੱਕ ਸਾਲ ਵੱਡਾ ਸਨਮਾਨ ਦੇ ਕੇ ਸਨਮਾਨਿਤ ਕੀਤਾ।

ਕਰਨਲ ਬਾਲਾ ਮੇਰੇ ਅਧਿਆਪਕ ਡਾਕਟਰ ਕੇਸਰ ਸਿੰਘ ਦੇ ਵੀ ਮਿੱਤਰ ਰਹੇ ਹਨ। ਜਦੋਂ ਵੀ ਮੈਨੂੰ ਉਹਨਾਂ ਦੇ ਘਰ ਜਾਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਤਾਂ ਹੋਰ ਗੱਲਾਂ ਦੇ ਨਾਲ ਨਾਲ ਅਸੀਂ ਪੁਰਾਣੀਆਂ ਯਾਦਾਂ ਵੀ ਤਾਜ਼ਾ ਕਰ ਲੈਂਦੇ ਹਾਂ। ਉਹਨਾਂ ਦੀ ਸੁਪਤਨੀ ਜੀ ਵੀ ਮੁਹਾਲੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਅਧਿਆਪਕ ਰਹੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਅਤੇ ਸਿਲੇਬਸ ਆਦਿ ਬਾਰੇ ਉਹਨਾਂ ਨਾਲ ਵਿਚਾਰ ਵਟਾਂਦਰਾ ਕਰਦੇ ਰਹਿੰਦੇ ਸਾਂ। ਉਹ ਵੀ ਬਹੁਤ ਸਤਿਕਾਰ ਯੋਗ ਸ਼ਖਸੀਅਤ ਹਨ। ਅਜਿਹੇ ਵਡੇਰੇ ਬਜ਼ੁਰਗਾਂ ਦੀ ਸੰਗਤ ਮਾਣਨਾ ਆਪਣੇ ਆਪ ਵਿਚ ਇੱਕ ਵਰਦਾਨ ਹੈ।

ਅੱਜਕਲ ਸਰਦਾਰ ਗੁਰਦੇਵ ਸਿੰਘ ਬਰਾੜ ਸਿੱਖ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਹਨ। ਉਹਨਾਂ ਦੀ ਵੀ ਮੇਰੇ ਤੇ ਕਿਰਪਾ ਦ੍ਰਿਸ਼ਟੀ ਬਣੀ ਰਹਿੰਦੀ ਹੈ। ਇੱਕ ਦਿਨ ਮੈਂ ਵਿਸ਼ੇਸ਼ ਤੌਰ ਤੇ ਇਹਨਾਂ ਦੇ ਘਰ ਜਾ ਕੇ ਇਕੱਲਾ ਹੀ ਕੀਰਤਨ ਸੁਣਾ ਕੇ ਅਸੀਸਾਂ ਪ੍ਰਾਪਤ ਕਰ ਕੇ ਆਇਆ ।

ਸਿੱਖ ਐਜੂਕੇਸ਼ਨ ਸੁਸਾਇਟੀ ਨਾਲ ਸਬੰਧਤ ਸ ਦਿਲਜੰਗ ਸਿੰਘ ਜੌਹਰ, ਕਰਨੈਲ ਸਿੰਘ ਡੋਡ,ਰਾਜਾ ਹਰਨਰਿੰਦਰ ਸਿੰਘ ਆਦਿ ਵੀ ਅਹੁਦੇਦਾਰਾਂ ਵਿੱਚ ਰਹੇ ਹਨ। ਇਹਨਾਂ ਨਾਲ ਸਬੰਧਤ ਸਮਾਗਮਾਂ ਤੇ ਕੀਰਤਨ ਦਾ ਸੁਭਾਗ ਮੈਨੂੰ ਪਾਪਤ ਹੋਇਆ ਹੈ। ਮੈਂ ਇਸ ਸੁਸਾਇਟੀ ਦਾ ਰਿਣ ਨਹੀਂ ਉਤਾਰ ਸਕਦਾ ਅਰਦਾਸ ਕਰਦਾ ਹਾਂ ਇਹ ਸੁਸਾਇਟੀ ਕਰਨਲ ਬਾਲਾ ਜਿਹੇ ਦੂਰਦ੍ਰਿਸ਼ਟੀ ਵਾਲੇ ਅਹੁਦੇਦਾਰਾਂ ਦੀ ਦੇਖ ਰੇਖ ਹੇਠ ਮਨੁਖਤਾ ਦੀ ਸੇਵਾ ਕਰਦੀ ਰਹੇ।

ਭੁੱਲ ਚੁੱਕ ਖਿਮਾ



# ਜਹ ਜਹ ਦੇਖਾ ਤਹ ਤਹ ਤੂ ਹੈ

**ਡਾ.ਜਾਗੀਰ ਸਿੰਘ**

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਦੁੱਤੀ ਮਹਾਂ ਪੁਰਖਾਂ ਰਾਹੀਂ ਉਚਾਰੇ ਉਹ ਅਰਸ਼ੀ ਪਵਿੱਤਰ ਵਾਕ ਹਨ ਜਿਹਨਾਂ ਵਿਚ ਜੀਵਨ ਦੇ ਗੁੱਝੇ ਭੇਦਾਂ ਦਾ ਵਰਣਨ ਕੀਤਾ ਗਿਆ ਹੈ। ਗੁਰਬਾਣੀ ਦੇ ਕਿਸੇ ਇੱਕ ਵਾਕ ਦੇ ਵਿਚਾਰ ਨੂੰ ਲੜ ਬੰਨ੍ਹ ਲਈਏ ਅਤੇ ਉਸ ਉੱਤੇ ਅਮਲ ਸ਼ੁਰੂ ਕਰ ਦੇਈਏ ਤਾਂ ਬੰਧਨਾਂ ਤੋਂ ਮੁਕਤ ਹੋ ਜਾਈਦਾ ਹੈ।

ਜਹ ਜਹ ਦੇਖਾ ਤਹ ਤਹ ਤੂ ਹੈ

ਪਵਿੱਤਰ ਵਾਕ ਮਨੁੱਖੀ ਜੀਵਨ ਦੀ ਇੱਕ ਉਚੇਰੀ ਅਵਸਥਾ ਨੂੰ ਬਿਆਨ ਕਰਦਾ ਹੈ। ਇਹ ਅਵਸਥਾ ਸਮੁੱਚੇ ਬ੍ਰਹਿਮੰਡ ਦੇ ਵਰਤਾਰੇ ਨੂੰ ਮਹਿਸੂਸ ਕਰਨ ਨਾਲ ਪ੍ਰਾਪਤ ਹੁੰਦੀ ਹੈ। ਇਹ ਮਹਾਂ ਵਾਕ ਗੁਰੂ ਨਾਨਕ ਦੇਵ ਜੀ ਦੇ ਸ੍ਰੀ ਰਾਗ ਵਿਚ ਰਚੇ ਸ਼ਬਦ ਵਿੱਚੋਂ ਲਿਆ ਗਿਆ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ:-

ਤੂ ਦਰਿਆਓ ਦਾਨਾ ਬੀਨਾ ਮੈ ਮਛਲੀ ਕੈਸੇ ਅੰਤੁ ਲਹਾ॥
ਜਹ ਜਹ ਦੇਖਾ ਤਹ ਤਹ ਤੂਹੈ ਤੁਝ ਤੇ ਨਿਕਸੀ ਫੂਟ ਮਰਾ॥
ਨ ਜਾਣਾ ਮੇਉ ਨਾ ਜਾਣਾ ਜਾਲੀ॥ ਜਾ ਦੁਖ ਲਾਗੈ ਤ ਤੁਝਹਿ ਸਮਾਲੀ॥
ਤੂ ਭਰਪੂਰ ਜਾਨਿਆ ਮੈ ਦੂਰ॥ ਜੋ ਕਿਛ ਕਰੀ ਸੋ ਤੇਰੇ ਹਦੂਰਿ॥
ਤੂ ਦੇਖਹਿ ਹਉ ਮੁਕਰ ਪਾਉ॥ ਤੇਰੇ ਕੰਮ ਨ ਤੇਰੇ ਨਾਇ॥
ਜੇਤਾ ਦੇਹ ਤੇਤਾ ਹਉ ਖਾਉ॥ ਬਿਆ ਦਰ ਨਾਹੀ ਕੈ ਦਰਿ ਜਾਉ॥
ਨਾਨਕ ਏਕ ਕਹੈ ਅਰਦਾਸ॥ ਜੀਉ ਪਿੰਡ ਸਭ ਤੇਰੇ ਪਾਸਿ॥
ਆਪੇ ਨੇੜੇ ਦੂਰ ਆਪੇ ਹੀ ਆਪੇ ਮੰਝਿ ਮਿਆਨੋ॥
ਆਪੇ ਵੇਖੇ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋ॥
ਜੋ ਤਿਸ ਭਾਵੈ ਨਾਨਕਾ ਹੁਕਮ ਸੋਈ ਪ੍ਰਵਾਨੋ॥

ਇਸ ਸ਼ਬਦ ਵਿੱਚ ਮੱਛੀ ਦਾ ਦ੍ਰਿਸ਼ਟਾਂਤ ਲੈ ਕੇ 'ਜਹ ਜਹ ਦੇਖਾ ਤਹ ਤਹ ਤੂਹੈ' ਵਾਲੀ ਅਵਸਥਾ ਸਮਝਾਈ ਗਈ ਹੈ। ਇੱਥੇ ਜਿਵੇਂ ਜਗਿਆਸੂ ਮੱਛੀ ਦੇ ਰੂਪ ਵਿੱਚ ਪ੍ਰਮਾਤਮਾ ਰੂਪੀ ਸਾਗਰ ਨੂੰ ਸਿੱਧਾ ਸੰਬੋਧਨ ਕਰਦਾ ਹੈ, ''ਹੇ ਪ੍ਰਮਾਤਮਾ ਤੂੰ ਦਰਿਆਓ ਜਾਂ ਸਾਗਰ ਵਾਂਗ ਬਹੁਤ ਵੱਡਾ ਹੈਂ, ਮੈਂ ਨਿੱਕੀ ਜਿਹੀ ਮਛਲੀ ਵਾਂਗ ਹਾਂ, ਮੈਂ ਤੇਰਾ ਅੰਤ ਕਿਵੇਂ ਪਾ ਸਕਦਾ ਹਾਂ? ਮੈਂ ਜਿੱਥੇ ਵੀ ਵੇਖਦਾ ਹਾਂ ਤੂੰ ਹੀ ਤੂੰ ਹੈਂ। ਹਾਂ, ਮੈਨੂੰ ਇਹ ਪਤਾ ਲਗ ਗਿਆ ਹੈ ਕਿ ਤੂੰ ਮੇਰਾ ਜੀਵਨ ਹੈਂ, ਜੇ ਮੈਂ ਤੈਥੋਂ ਵਿਛੜ ਗਿਆ ਤਾਂ ਮਰ ਜਾਵਾਂਗਾ।

ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ॥ (ਮਲਾਰ ਮਹਲਾ ੪, ਪੰਨਾ 1263)

ਅਰਥਾਤ- ਹੇ ਭਾਈ! ਪਰਮਾਤਮਾ ਦਾ ਭਗਤ ਇਉਂ ਹੈ ਜਿਵੇਂ ਪਾਣੀ ਦੀ ਮੱਛੀ ਹੈ। ਪਾਣੀ ਤੋਂ ਵਿਛੜ ਕੇ ਮੱਛੀ

ਤੜਫ ਕੇ ਮਰ ਜਾਂਦੀ ਹੈ, ਤਿਵੇਂ ਪਰਮਾਤਮਾ ਦਾ ਭਗਤ ਹਰਿ ਨਾਮ ਵਿਸਰਿਆਂ ਬਹੁਤ ਦੁਖੀ ਹੁੰਦਾ ਹੈ। ਕਹਿੰਦੇ ਹਨ ਮੱਛੀ ਨੂੰ ਵੀ ਪਹਿਲਾਂ ਸੋਝੀ ਨਹੀਂ ਸੀ ਕਿ ਉਸ ਦਾ ਜੀਵਨ ਪਾਣੀ ਹੈ। ਉਹ ਹਮੇਸ਼ਾ ਪਾਣੀ ਵਿਚ ਰਹਿੰਦੀ ਸੀ। ਜਿਹੜੀ ਵਸਤੂ ਸਾਡੇ ਕੋਲ ਹਰ ਵੇਲੇ ਬਹੁਤਾਤ ਵਿੱਚ ਮੌਜੂਦ ਹੋਵੇ, ਸੌਖੀ ਮਿਲ ਸਕਦੀ ਹੋਵੇ, ਜਦੋਂ ਚਾਹੀਏ ਅਤੇ ਜਿੰਨੀ ਚਾਹੀਏ ਮਿਲ ਸਕਦੀ ਹੋਵੇ, ਤਾਂ ਅਸੀਂ ਉਸ ਵਸਤੂ ਦੀ ਮਹਤਤਾ ਨੂੰ ਨਹੀਂ ਸਮਝ ਸਕਦੇ। ਉਸ ਦੀ ਅਸੀਂ ਕਦਰ ਨਹੀਂ ਪਾਉਂਦੇ; ਉਸ ਦੀ ਕੀਮਤ ਨਹੀਂ ਸਮਝਦੇ। ਉਸ ਦੀ ਸੰਭਾਲ ਵੱਲ ਵੀ ਕੋਈ ਵਿਸ਼ੇਸ਼ ਧਿਆਨ ਨਹੀਂ ਦਿੰਦੇ। ਜਿਵੇਂ ਹਵਾ ਸਾਡੇ ਜੀਵਨ ਲਈ ਬਹੁਤ ਜ਼ਰੂਰੀ ਹੈ ਪਰ ਇਹ ਸਾਨੂੰ ਮੁਫ਼ਤ ਬਿਨਾਂ ਕਿਸੇ ਮੁਸ਼ਕਲ ਦੇ ਮਿਲ ਜਾਂਦੀ ਹੈ ਇਸ ਲਈ ਅਸੀਂ ਇਸ ਬਾਰੇ ਬਹੁਤਾ ਸੋਚਦੇ ਨਹੀਂ। ਪਰ ਜਿੱਥੇ ਕਿਤੇ ਇਸ ਦੀ ਤੋਟ ਆਉਂਦੀ ਹੈ ਤਾਂ ਪਤਾ ਲਗਦਾ ਹੈ। ਇਸ ਤਰ੍ਹਾਂ ਮੱਛੀ ਨੂੰ ਪਾਣੀ ਦੀ ਮਹਤਤਾ ਦਾ ਪਤਾ ਨਹੀਂ ਸੀ। ਇਕ ਵਾਰ ਉਸ ਨੇ ਕੱਛੂ ਨੂੰ ਕਿਹਾ ਕਿ ਮੈਂ ਸੁਣਿਆ ਹੈ ਕਿ ਕੋਈ ਐਸੀ ਵਸਤੂ ਹੈ ਜਿਹੜੀ ਸੀਤਲ ਹੈ; ਜਿਸ ਕਾਰਨ ਜੀਵ ਜੰਤੂ ਅਤੇ ਬਨਸਪਤੀ ਮੌਲਦੀ ਹੈ, ਤੂੰ ਉਸ ਵਸਤੂ ਬਾਰੇ ਜਾਣਦਾ ਹੈਂ? ਕੱਛੂ ਨੇ ਕਿਹਾ, 'ਮੈਂ ਤਾਂ ਜਾਣਦਾ ਹਾਂ, ਪਰ ਜੇ ਤੂੰ ਜਾਣਨਾ ਚਾਹੁੰਦੀ ਹੈਂ ਤਾਂ ਤੈਨੂੰ ਮੇਰੇ ਨਾਲ ਪਾਣੀ ਤੋਂ ਬਾਹਰ ਜਾਣਾ ਪਵੇਗਾ।' ਮੱਛੀ ਕੱਛੂ ਦੀ ਪਿੱਠ 'ਤੇ ਬੈਠ ਗਈ ਤੇ ਕੱਛੂ ਨੇ ਉਸ ਨੂੰ ਬਰੇਤੇ ਵਿੱਚ ਲਿਆ ਸੁੱਟਿਆ ਮੱਛੀ ਥੋੜੀ ਦੇਰ ਬਾਅਦ ਹੀ ਤੜਫਣ ਲੱਗੀ।ਜਦੋਂ ਅਧਮੋਈ ਹੋ ਗਈ ਤਾਂ ਕੱਛੂ ਨੇ ਮੱਛੀ ਨੂੰ ਮੁੜ ਪਾਣੀ ਵਿੱਚ ਲਿਆ ਕੇ ਸੁੱਟਿਆ ਤੇ ਕਿਹਾ-'ਇਹ ਹੈ ਪਾਣੀ ਜਿਹੜਾ ਸਭ ਨੂੰ ਸੀਤਲਤਾ ਤੇ ਜੀਵਨ ਦਿੰਦਾ ਹੈ।' ਉਸ ਦਿਨ ਤੋਂ ਮੱਛੀ ਨੂੰ ਪਤਾ ਚਲ ਗਿਆ ਤੇ ਉਹ ਲੱਗੀ ਪਾਣੀ ਦੇ ਗੁਣ ਗਾਉਣ।

ਇਸੇ ਤਰ੍ਹਾਂ ਅਸੀਂ ਵੀ ਪ੍ਰਮਾਤਮਾ ਦੇ ਅੰਦਰ ਹਰ ਵੇਲੇ ਰਹਿੰਦੇ ਹਾਂ, ਉਸ ਦੀਆਂ ਦਾਤਾਂ ਦਾ ਆਨੰਦ ਮਾਣਦੇ ਹਾਂ। ਉਸ ਦਾ ਸ਼ੁਕਰਾਨਾ ਕਰਨ ਦੀ ਥਾਂ ਅਸੀਂ ਉਸ ਦਾ ਅੰਤ ਪਾਉਣ ਦੀ ਕੋਸ਼ਿਸ਼ ਕਰਨ ਲੱਗ ਪੈਂਦੇ ਹਾਂ ਤਾਂ ਜੋ ਅਸੀਂ ਚੁੰਚ ਗਿਆਨ ਕਰਕੇ ਆਪਣੀ ਧਾਂਕ ਜਮਾ ਸਕੀਏ। ਅਸੀਂ ਆਪਣੀ ਹਉਮੈ ਵਸ ਗੁਰੂ ਨਾਨਕ ਦੇਵ ਜੀ ਦੇ ਉਚਾਰੇ ਜਪੁਜੀ ਵਿੱਚ ਇਹ ਕਥਨ ਭੁੱਲ ਜਾਂਦੇ ਹਾਂ-

ਅੰਤੁ ਨਾ ਸਿਫਤੀ ਕਹਿਣ ਨ ਅੰਤ ॥
ਅੰਤੁ ਨ ਕਰਣੈ ਦੇਣਿ ਨ ਅੰਤ ॥
ਅੰਤੁ ਨ ਵੇਖਣਿ ਸੁਣਨਿ ਨ ਅੰਤ ॥
ਅੰਤੁ ਨ ਜਾਪੈ ਕਿਆ ਮਨਿ ਮੰਤ।
ਅੰਤੁ ਨ ਜਾਪੈ ਕੀਤਾ ਆਕਾਰ ॥
ਅੰਤੁ ਨ ਜਾਪੈ ਪਾਰਾਵਾਰ ॥
ਅੰਤੁ ਕਾਰਣਿ ਕੇਤੇ ਬਿਲਲਾਹਿ ॥
ਤਾ ਕੇ ਅੰਤੁ ਨ ਪਾਏ ਜਾਹਿ ॥

ਏਹ ਅੰਤੁ ਨ ਜਾਣੈ ਕੋਇ ॥

ਬਹੁਤਾ ਕਹੀਐ ਬਹੁਤਾ ਹੋਇ ॥

ਗੁਰਬਾਣੀ ਵਿੱਚ ਥਾਂ-ਥਾਂ ਤੇ ਆਦੇਸ਼ ਦਿੱਤੇ ਗਏ ਹਨ ਕਿ ਪ੍ਰਮਾਤਮਾ ਦੀ ਉਸਤਤੀ ਕੀਤੀ ਜਾ ਸਕਦੀ ਹੈ। ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ:

ਉਸਤਤਿ ਕਰਹਿ ਸੇਵਕ ਮੁਨਿ ਕੇਤੇ

ਤੇਰਾ ਅੰਤ ਨ ਕਤਹੂ ਪਾਈਐ ॥ (ਦੇਵ ਗੰਧਾਰੀ ਮਹਲਾ ੫, ਪੰਨਾ 528)

ਮੱਛੀ ਵਾਂਗ ਜਗਿਆਸੂ ਵੀ ਪ੍ਰਮਾਤਮਾ ਤੋਂ ਬਿਨਾਂ ਨਹੀਂ ਰਹਿ ਸਕਦਾ। ਪਰ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਪਰਮਾਤਮਾ ਹੀ ਅਸਲ ਵਿੱਚ ਸਭ ਦਾ ਮਾਤਾ ਪਿਤਾ ਪਾਲਨਹਾਰ ਕਰਤਾ ਹੈ ਤਾਂ ਉਹ ਹਰ ਸਮੇਂ ਉਸ ਨਾਲ ਰਹਿਣਾ ਚਾਹੁੰਦਾ ਹੈ। ਅਜਿਹੇ ਜਗਿਆਸੂ ਬਾਰੇ ਗੁਰਬਾਣੀ ਵਿੱਚ ਇੱਕ ਬੜਾ ਪਿਆਰਾ ਸ਼ਬਦ ਹੈ:

ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ ॥

ਤੂੰ ਮੇਰਾ ਬੰਧਪ ਤੂੰ ਮੇਰਾ ਭ੍ਰਾਤਾ ॥

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥

ਤੁਮਰੀ ਕਿਰਪਾ ਤੇ ਤੁਧ ਪਛਾਣਾ ॥

ਤੂੰ ਮੇਰੀ ਓਟ ਤੂ ਹੈ ਮੇਰਾ ਮਾਣਾ ॥

ਤੁਝ ਬਿਨ ਦੂਜਾ ਅਵਰ ਨ ਕੋਈ ਸਭ ਤੇਰਾ ਖੇਲ ਅਖਾੜਾ ਜੀਉ ॥

ਜੀਅ ਜੰਤ ਸਭ ਤੁਧ ਉਪਾਏ ॥

ਜਿਤ ਜਿਤ ਭਾਣਾ ਤਿਤ ਤਿਤ ਲਾਏ ॥

ਸਭ ਕਿਛ ਕੀਤਾ ਤੇਰਾ ਹੋਵੈ ਨਾਹੀ ਕਿਛ ਅਸਾੜਾ ਜੀਉ ॥

ਨਾਮ ਧਿਆਏ ਮਹਾ ਸੁਖ ਪਾਇਆ ॥

ਹਰਿ ਗੁਣ ਗਾਏ ਮੇਰਾ ਮਨ ਸੀਤਲਾਇਆ ॥

ਗੁਰ ਪੂਰੇ ਵਜੀ ਵਧਾਈ ਨਾਨਕ ਜਿਤਾ ਬਿਖਾੜਾ ਜੀਉ ॥ (ਮਾਝ ਮਹਲਾ ੫, ਪੰਨਾ 103)

ਇਸ ਤਰ੍ਹਾਂ ਜਹ ਜਹ ਦੇਖਾ ਤਹ ਤਹ ਤੂਹੈ' ਵਾਲੀ ਅਵਸਥਾ ਉੱਤੇ ਪਹੁੰਚਣ ਤੋਂ ਪਹਿਲਾਂ ਉਸ ਦੇ ਗੁਣਾਂ ਦਾ ਅਹਿਸਾਸ ਹੁੰਦਾ ਹੈ। ਇਹ ਗੁਣ ਉਹ ਹੁੰਦੇ ਹਨ ਜਿਹਨਾਂ ਦਾ ਸੰਬੰਧ ਸਾਡੇ ਨਾਲ ਹੁੰਦਾ ਹੈ ਅਤੇ ਅਸੀਂ ਉਹਨਾਂ ਨੂੰ ਮਹਿਸੂਸ ਕਰ ਸਕਦੇ ਹਾਂ। ਇਹ ਗੁਣ ਸਾਡੀ ਜ਼ਿੰਦਗੀ ਨੂੰ ਸੁਖਾਵਾਂ ਵੀ ਬਣਾਉਂਦੇ ਹਨ ਅਤੇ ਸਾਨੂੰ ਅਚੰਭਤ ਵੀ ਕਰਦੇ ਹਨ। ਉਹ ਅਪਹੁੰਚ ਹੈ। ਅਗੋਚਰ ਹੈ। ਅਦ੍ਰਿਸ਼ਟ ਹੈ। ਉਹ ਸਭ ਜੀਵਾਂ ਦੀ ਸੰਭਾਲ ਕਰਦਾ ਹੈ। ਉਹ ਜਲ ਵਿੱਚ, ਧਰਤੀ ਵਿੱਚ, ਅਕਾਸ਼ ਵਿੱਚ, ਹਰ ਥਾਂ ਵਿਆਪਕ ਹੈ। ਹਰੇਕ ਜੀਵ ਦੇ ਹਿਰਦੇ ਵਿੱਚ ਉਸ ਦੀ ਜੋਤ ਮੌਜੂਦ ਹੈ।

ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥

ਜਲਿ ਥਲਿ ਮਹੀਅਲ ਭਰਿਪੁਰ ਲੀਣਾ ਘਟਿ ਘਟਿ ਜੋਤਿ ਤੁਮਾਰੀ ॥ (ਬਿਲਾਵਲ ਮਹਲਾ ੧, ਪੰਨਾ 795)

ਭਗਤ ਰਵਿਦਾਸ ਜੀ ਕਹਿੰਦੇ ਹਨ ਉਹ ਪ੍ਰਭੂ-ਖਸਮ ਅਨੇਕਾਂ ਰੂਪ ਬਣਾ ਕੇ ਸਾਰਿਆਂ ਵਿੱਚ ਇੱਕ ਆਪ ਹੀ ਹੈ, ਸਭ ਘਟਾਂ ਵਿੱਚ ਇੱਕ ਆਪ ਹੀ ਹੈ, ਸਭ ਘਟਾਂ ਵਿੱਚ ਆਪ ਹੀ ਬੈਠਾ ਜਗਤ ਦੇ ਰੰਗ ਮਾਣ ਰਿਹਾ ਹੈ। ਉਹ ਦੂਰ ਨਹੀਂ; ਮੇਰੇ ਹੱਥ ਤੋਂ ਵੀ ਨੇੜੇ ਹੈ, ਜੋ ਕੁਝ ਜਗਤ ਵਿੱਚ ਵਰਤ ਰਿਹਾ ਹੈ, ਉਸੇ ਦੀ ਰਜ਼ਾ ਵਿੱਚ ਹੋ ਰਿਹਾ ਹੈ-

ਸਰਬੈ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ ॥

ਕਹਿ ਰਵਿਦਾਸ ਹਾਥ ਪੈ ਨੇੜੈ ਸਹਜੇ ਹੋਇ ਸੁ ਹੋਈ ॥ (ਰਾਗ ਸੋਰਠ, ਭਗਤ ਰਵਿਦਾਸ ਜੀ, ਪੰਨਾ 657)

ਉਹ ਇਤਨਾ ਨੇੜੇ ਹੈ ਪਰ ਮਨੁੱਖ ਆਪਣੀ ਹਉਮੈ ਕਾਰਨ ਉਸ ਨੂੰ ਦੂਰ ਸਮਝਦਾ ਹੈ। ਉਹ ਸਾਰੇ ਪਾਸੇ ਵਿਆਪਕ ਹੈ ਜੋ ਵੀ ਮਨੁੱਖ ਕਰਦਾ ਹੈ ਉਹ ਪ੍ਰਮਾਤਮਾ ਸਾਹਮਣੇ ਹੀ ਕਰਦਾ ਹੈ:

ਤੂ ਭਰਪੂਰ ਜਾਨਿਆ ਮੈ ਦੂਰ ॥

ਜੋ ਕੁਛ ਕਰੀ ਸੋ ਤੇਰੇ ਹਦੂਰ ॥

ਇਸ ਭੁਲੇਖੇ ਵਿੱਚ ਕਿ ਜੋ ਵੀ ਮੈਂ ਕਰਮ ਕਰਦਾ ਹਾਂ ਉਹਨਾਂ ਨੂੰ ਕੋਈ ਨਹੀਂ ਵੇਖਦਾ; ਮਨੁੱਖ ਕੁਕਰਮ ਕਰਨ ਤੋਂ ਡਰਦਾ ਵੀ ਨਹੀਂ; ਪਰ ਗੁਰੂ ਜੀ ਫੁਰਮਾਉਂਦੇ ਹਨ ਕਿ ਆਦਮੀ ਸ਼ਹਿਰਾਂ ਦੀਆਂ ਦੁਕਾਨਾਂ ਤੇ ਮਜ਼ਬੂਤ ਮਹਿਲਾਂ ਨੂੰ ਪਾੜ ਲਾਉਂਦਾ ਹੈ ਅਤੇ ਉਥੇ ਚੋਰੀ ਕਰ ਕੇ ਘਰ ਆ ਜਾਂਦਾ ਹੈ। ਉਹ ਆਪਣੇ ਅੱਗੇ ਪਿੱਛੇ ਵੇਖਦਾ ਹੈ; ਪਰ ਤੇਰੇ ਕੋਲੋਂ ਉਹ ਆਪਣਾ ਆਪ ਕਿਵੇਂ ਲੁਕਾ ਸਕਦਾ ਹੈ:

ਹਟ ਪਟਣ ਬਿਨ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥

ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥ (ਗਉੜੀ ਮਹਲਾ ੧, ਪੰਨਾ 156)

ਉਹ ਸਾਰਾ ਕੁਝ ਵੇਖਦਾ ਹੈ ਪਰ ਅਸੀਂ ਉਸ ਦੇ ਵੇਖਣ ਤੋਂ ਮੁਕਰਦੇ ਰਹਿੰਦੇ ਹਾਂ। ਅਸੀਂ ਪ੍ਰਮਾਤਮਾ ਦੇ ਕਹੇ ਅਨੁਸਾਰ ਕੰਮ ਨਹੀਂ ਕਰਦੇ ਨਾ ਹੀ ਉਸ ਦਾ ਸਿਮਰਨ ਕਰਦੇ ਹਾਂ –

ਤੂੰ ਦੇਖਹਿ ਹਉ ਮੁਕਰ ਪਾਉ ॥

ਤੇਰੇ ਕੰਮ ਨ ਤੇਰੇ ਨਾਇ ॥

ਜਦੋਂ ਪ੍ਰਮਾਤਮਾ ਨੂੰ ਹਰ ਥਾਂ ਮਹਿਸੂਸ ਨਹੀਂ ਕੀਤਾ ਜਾਂਦਾ ਤਾਂ ਦੁਨੀਆ ਵਿੱਚ ਬਹੁਤ ਸਾਰੇ ਵਿਕਾਰ ਫੈਲ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਜਦੋਂ ਫੁਰਮਾਉਂਦੇ ਹਨ –

ਇਕ ਘੜੀ ਨ ਮਿਲਤੇ ਤ ਕਲਜੁਗ ਹੋਤਾ

ਤਾਂ ਇਹ ਕੇਵਲ ਇੱਕ ਵਿਅਕਤੀ ਦੀ ਅਵਸਥਾ ਨਹੀਂ ਸਗੋਂ ਐਸੀ ਹਾਲਤ ਸਾਰੇ ਸਮਾਜ ਵਿੱਚ ਵਿਆਪ ਜਾਂਦੀ ਹੈ। ਕਲਿਜੁਗ ਵਿੱਚ ਸਾਰਾ ਕੁਝ ਉਲਟਾ ਹੋ ਜਾਂਦਾ ਹੈ। ਮਨੁੱਖ ਹੱਥੋਂ ਮਨੁੱਖ ਲੁਟਿਆ ਜਾਂਦਾ ਹੈ, ਉਚ ਨੀਚ, ਜਾਤ ਪਾਤ ਆਦਿ ਦੀਆਂ ਵੰਡੀਆਂ ਪੈ ਜਾਂਦੀਆਂ ਹਨ। ਕੋਈ ਸਮਝਦਾ ਹੈ ਰੱਬ ਮਸੀਤ ਵਿੱਚ ਹੈ, ਕੋਈ ਮੰਦਰ ਵਿੱਚ ਸਮਝਦਾ ਹੈ, ਕੋਈ ਪੂਰਬ ਵਿੱਚ, ਕੋਈ ਪੱਛਮ ਵਿੱਚ ਸਮਝਦਾ ਹੈ। ਸਾਰੇ ਸਮਾਜ ਵਿੱਚ ਅਸ਼ਾਂਤੀ ਫੈਲ ਜਾਂਦੀ ਹੈ। ਲੋਕ ਰੱਬ ਨੂੰ

ਲਭਣ ਲਈ ਜੰਗਲਾਂ ਵਿੱਚ ਤੁਰ ਪੈਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਜਿਹੇ ਲੋਕਾਂ ਨੂੰ ਕਹਿੰਦੀ ਹੈ। ਜੰਗਲ ਵਿੱਚ ਕੀ ਲਭਣ ਜਾਂਦੇ ਹੋ? ਉਹ ਤਾਂ ਸਾਰੇ ਪਾਸੇ ਵਿਆਪਕ ਹੈ, ਉਸ ਨੂੰ ਆਪਣੇ ਹਿਰਦੇ ਵਿੱਚ ਲੱਭੋ–

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥
... ... ...
ਫਰੀਦਾ ਜੰਗਲ ਜੰਗਲ ਕਿਆ ਭਵਹਿ ਵਣ ਕੰਡਾ ਮੋੜੇਹਿ॥
ਵਸੀ ਰਬ ਹਿਆਲੀਐ ਜੰਗਲ ਕਿਆ ਢੂੰਢੇਹਿ॥

ਕਦੀ ਕਬੀਰ ਜੀ ਮੁੱਲਾਂ ਨੂੰ ਪੁਕਾਰ ਕੇ ਕਹਿੰਦੇ ਹਨ ਰਬ ਨੂੰ ਪਾਉਣ ਲਈ ਬਾਂਗ ਨਾ ਦੇਹਿ, ਆਪਦੇ ਅੰਦਰ ਝਾਤ ਮਾਰ–

ਕਬੀਰ ਮੂਲਾ ਮੁਨਾਰੇ ਕਿਆ ਚੜਹਿ ਸਾਈ ਨ ਬੈਰਾ ਹੋਇ॥
ਜੈ ਕਾਰਨ ਤੂ ਬਾਂਗ ਦੇ ਦਿਲ ਹੀ ਭੀਤਰ ਹੋਇ॥

ਜਦੋਂ ਮਨੁੱਖ ਨੂੰ ਸੋਝੀ ਆਉਂਦੀ ਹੈ ਕਿ ਪ੍ਰਮਾਤਮਾ ਹਰ ਥਾਂ ਵਿਆਪਕ ਹੈ ਤਾਂ ਇਹ ਦੁਨੀਆ ਚੰਗੀ ਲੱਗਣ ਲੱਗ ਪੈਂਦੀ ਹੈ।

ਇਹ ਜਗ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸ॥
... ... ...
ਸਚੇ ਤੇਰੇ ਖੰਡ ਸਚੇ ਬ੍ਰਹਿਮੰਡ॥
ਸਚੇ ਤੇਰੇ ਲੋਅ ਸਚੇ ਅਕਾਰ॥

ਫਿਰ ਉਸ ਨੂੰ ਸਾਰੇ ਮਨੁੱਖ ਵੀ ਚੰਗੇ ਲਗਦੇ ਹਨ। ਫਿਰ ਉਹ ਕਬੀਰ ਜੀ ਦੀ ਬਾਣੀ ਉਚਾਰਦਾ ਕਹਿੰਦਾ ਹੈ–

ਅਵਲ ਅਲਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ॥
ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕੋ ਮੰਦੇ॥
ਲੋਗਾ ਭਰਮ ਨ ਭੂਲਹੁ ਭਾਈ॥
ਖਾਲਕ ਖਲਕ ਖਲਕ ਮਹਿ ਖਾਲਕ ਪੂਰ ਰਹਿਆ ਸਰਬ ਠਾਹੀ॥

ਗੁਰੂ ਅਰਜਨ ਦੇਵ ਜੀ ਦਾ ਇਹ ਕਥਨ ਸਮਝ ਆਉਣ ਲੱਗ ਪੈਂਦਾ ਹੈ–

ਫਰੀਦਾ ਖਾਲਕ ਖਲਕ ਮਹਿ ਖਲਕ ਵਸਹਿ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾ ਤਿਸ ਬਿਨ ਕੋਈ ਨਾਹਿ॥

ਅਜਿਹੀ ਅਵਸਥਾ ਵਿੱਚ 'ਨਾ ਕੋ ਬੈਰੀ ਨਾਹੀ ਬੇਗਾਨਾ॥' ਅਤੇ 'ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ'॥ ਵਾਲੀ ਹੁੰਦੀ ਹੈ। ਇਹ ਅਵਸਥਾ ਕਿਤਨੀ ਸੁਖਦਾਈ ਹੈ। ਇੱਥੇ ਕਿਸੇ ਨੂੰ ਕੋਈ ਧੋਖਾ ਨਹੀਂ ਦਿੰਦਾ। ਕੋਈ ਕਿਸੇ ਨੂੰ

ਨੀਵਾਂ ਨਹੀਂ ਸਮਝਦਾ। ਸਭ ਪਾਸੇ ਅਨੰਦ ਹੋ ਜਾਂਦਾ। ਫਿਰ ਤਾਂ ਮਨੁੱਖ ਚਾਹੁੰਦਾ ਹੈ ਕਿ ਸਦਾ ਇਹ ਹੀ ਅਵਸਥਾ ਰਹੇ। ਇਹ ਅਵਸਥਾ ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝਣ ਨਾਲ ਹੀ ਕਾਇਮ ਰਹਿੰਦੀ ਹੈ। ਜੇ ਸਦਾ ਪ੍ਰਮਾਤਮਾ ਨਾਲ ਰਿਹਾ ਜਾਵੇ, ਤਾਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ:

ਏ ਮਨ ਮੇਰਿਆ ਤੂੰ ਸਦਾ ਰਹਹੁ ਹਰਿ ਨਾਲੇ॥

ਹਰਿ ਨਾਲ ਰਹਹੁ ਤੂ ਮਨ ਮੇਰੇ ਦੁਖ ਸਭ ਵਿਸਾਰਣਾ॥

ਫਿਰ ਤਾਂ 'ਆਖਾਂ ਜੀਵਾ ਵਿਸਰੈ ਮਰ ਜਾਉ' ਵਾਲੀ ਅਵਸਥਾ ਆ ਜਾਂਦੀ ਹੈ। ਮਨੁੱਖ ਮਹਿਸੂਸ ਕਰਦਾ ਹੈ ਕਿ ਜੇ ਇਕ ਤਿਲ ਵੀ ਉਹ ਵਿਸਰ ਜਾਵੇ ਤਾਂ ਵੱਡਾ ਰੋਗ ਪੈਦਾ ਹੋ ਜਾਂਦਾ ਹੈ–

ਇਕ ਤਿਲ ਪਿਆਰਾ ਵੀਸਰੇ ਰੋਗ ਵਡਾ ਮਨ ਮਾਹਿ॥

ਇਸ ਤਰ੍ਹਾਂ ਜਦੋਂ ਪ੍ਰਭੂ ਸਰਬ ਵਿਆਪਕ ਜਾਪਦਾ ਹੈ ਤਾਂ ਮਨੁੱਖ ਕਹਿੰਦਾ ਹੈ – 'ਮੈਨੂੰ ਤੂੰ ਜੋ ਦੇਵੇਂ ਉਹੀ ਖਾਂਦਾ ਹਾਂ। ਦੂਜਾ ਟਿਕਾਣਾ ਮੇਰੇ ਕੋਲ ਹੈ ਨਹੀਂ, ਹੋਰ ਮੈਂ ਕਿੱਥੇ ਜਾ ਸਕਦਾ ਹਾਂ। ਤੂੰ ਆਪ ਹੀ ਨੇੜੇ ਆਪ ਹੀ ਦੂਰ ਹੈਂ, ਆਪੇ ਹੀ ਅੰਦਰ ਹੈ, ਆਪ ਹੀ ਕਿਨਾਰੇ ਤੇ ਹੈਂ। ਤੂੰ ਸਾਰਾ ਕੁਝ ਵੇਖਦਾ ਸੁਣਦਾ ਹੈਂ। ਉਹੀ ਮੈਨੂੰ ਵੀ ਪ੍ਰਵਾਨ ਹੈ, ਜੋ ਤੈਨੂੰ ਚੰਗਾ ਲਗਦਾ ਹੈ–

ਜੇਤਾ ਦੇਹ ਤੇਤਾ ਹਉ ਖਾਉ॥ ਬਿਆ ਦਰ ਨਾਹੀ ਕੈ ਦਰਿ ਜਾਉ॥

ਨਾਨਕ ਏਕ ਕਹੈ ਅਰਦਾਸ॥ ਜੀਉ ਪਿੰਡ ਸਭ ਤੇਰੇ ਪਾਸ॥

ਆਪੇ ਨੇੜੇ ਦੂਰ ਆਪੇ ਹੀ ਆਪੇ ਮੰਝ ਮਿਆਨੋ॥

ਆਪੇ ਵੇਖੈ ਸੁਣੇ ਆਪੇ ਹੀ ਕਦੁਰਤ ਕਰੇ ਜਹਾਨੋ॥

ਜੋ ਤਿਸ ਭਾਵੈ ਨਾਨਕਾ ਹੁਕਮ ਸੋਈ ਪ੍ਰਵਾਨੋ॥

# ਸਿੱਖੀ ਜੀਵਨ ਦੀ ਵਿਵਹਾਰਿਕਤਾ ਵਿੱਚ ਸ਼ਬਦ ਕੀਰਤਨ ਦਾ ਮਹੱਤਵ

**ਸਤਵੰਤ ਕੌਰ**

**ਭੂਮਿਕਾ**

ਪ੍ਰਮਾਤਮਾ ਦੀ ਉਸਤਤੀ ਜਾਂ ਭਗਤੀ ਕਰਨ ਦਾ ਸੌਖਾ ਸਾਧਨ ਹੈ- ਸੰਗੀਤਮਈ ਕੀਰਤਨ। ਵੱਖ-ਵੱਖ ਧਰਮਾਂ ਵਿੱਚ ਕੀਰਤਨ ਦੇ ਵੱਖ-ਵੱਖ ਢੰਗ ਜਾਂ ਨਿਯਮ ਹਨ। ਇਸੇ ਤਰ੍ਹਾਂ ਸਿੱਖ ਧਰਮ ਵਿੱਚ ਵੀ ਕੀਰਤਨ ਦਾ ਆਪਣਾ ਨਿਵੇਕਲਾ ਮਹੱਤਵ ਤੇ ਪ੍ਰਸਤੁਤੀ ਦਾ ਵਿਸ਼ੇਸ਼ ਨਿਯਮ ਹੈ। ਇਸ ਕੀਰਤਨ ਪ੍ਰਬੰਧ ਨੂੰ 'ਗੁਰਮਤਿ ਸੰਗੀਤ' ਕਿਹਾ ਜਾਂਦਾ ਹੈ ਜਿਸ ਵਿੱਚ ਗੁਰਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮੌਜੂਦ ਸੰਗੀਤਕ ਸੰਕੇਤਾਂ ਦੇ ਆਧਾਰ ਤੇ ਗਾਇਨ ਕੀਤਾ ਜਾਂਦਾ ਹੈ। ਗੁਰਬਾਣੀ, ਗਾਇਨ ਕਰਨ ਤੱਕ ਹੀ ਸੀਮਿਤ ਨਹੀਂ, ਸਗੋਂ ਇਸ ਨੂੰ ਸਿੱਖੀ ਜੀਵਨ ਦੀ ਵਿਵਹਾਰਿਕਤਾ ਵਿੱਚ ਸ਼ਾਮਿਲ ਕਰਕੇ ਆਪਣਾ ਸਾਰਾ ਜੀਵਨ ਪ੍ਰਮਾਤਮਾ ਦੀ ਉਸਤਤੀ ਤੇ ਯਾਦ ਵਿੱਚ ਬਿਤਾਉਣਾ ਹੀ ਜੀਵਨ ਦਾ ਪ੍ਰਮੁੱਖ ਉਦੇਸ਼ ਹੈ। ਇਸ ਲਈ ਜੀਵਨ ਦੇ ਹਰ ਪੜਾਅ ਤੇ ਗੁਰਬਾਣੀ ਦਾ ਕੀਰਤਨ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ, ਕਿਉਂਕਿ ਸਿੱਖ ਜੀਵਨ ਜਿਉਣ ਦਾ ਵੀ ਆਪਣਾ ਵਿਸ਼ੇਸ਼ ਤਰੀਕਾ ਹੈ

**ਸਿੱਖ ਜੀਵਨ ਦੀ ਮਰਿਆਦਾ**

ਹਰ ਇੱਕ ਧਰਮ ਦੀ ਆਪੋ-ਆਪਣੀ ਪਹਿਚਾਣ ਲਈ ਆਪੋ-ਆਪਣਾ ਰਹਿਣ-ਸਹਿਣ, ਚਿੰਨ੍ਹ, ਜੀਵਨ ਜਿਉਣ ਦੇ ਢੰਗ ਜਾਂ ਨਿਯਮ ਹੁੰਦੇ ਹਨ। ਇਸੇ ਤਰ੍ਹਾਂ ਸਿੱਖ ਧਰਮ ਵਿੱਚ ਸਿੱਖੀ ਜੀਵਨ ਜਿਉਣ ਲਈ ਵੀ ਆਪਣੀ ਨਿਵੇਕਲੀ ਜੀਵਨ-ਜਾਚ ਹੈ। ਇਸ ਜੀਵਨ-ਜਾਚ ਦੇ ਵੀ ਕੁਝ ਨਿਯਮ ਅਤੇ ਚਿੰਨ੍ਹ ਹਨ ਜਿੰਨ੍ਹਾਂ ਨੂੰ ਸਿੱਖ ਧਰਮ ਵਿੱਚ 'ਰਹਿਤ-ਮਰਯਾਦਾ' ਕਿਹਾ ਜਾਂਦਾ ਹੈ। ਗੁਰਬਖਸ਼ ਸਿੰਘ ਗੁਲਸ਼ਨ ਦੇ ਅਨੁਸਾਰ ''ਉਹ ਜੀਵਨ-ਮਰਯਾਦਾ, ਚਾਲ-ਢਾਲ ਜਾਂ ਚੱਜ-ਆਚਾਰ 'ਰਹਿਤ' ਹੈ, ਜਿਸ ਅਨੁਸਾਰ ਸੰਸਾਰ ਵਿੱਚ ਵਿਚਰਦਾ ਸਿੱਖ ਨਿੱਜੀ ਅਤੇ ਪੰਥਕ ਜੀਵਨ ਜਿਉਂਦਾ ਹੋਇਆ ਨਿਰੰਕਾਰ ਨਾਲ ਅਭੇਦ ਹੋ ਸਕਦਾ ਹੈ'' ਭਾਵ ਕਿ ਇਸ ਵਿੱਚ ਉਹ ਸਾਰੇ ਨਿਯਮ ਹੁੰਦੇ ਹਨ, ਜਿਸ ਨਾਲ ਸਿੱਖ ਨੂੰ ਆਪਣੇ ਵਿਵਹਾਰ ਵਿੱਚ ਅਧਿਆਤਮਕਤਾ ਦਾ ਪ੍ਰਭਾਵ ਕਬੂਲ ਕਰਦਿਆਂ ਆਪਣੇ ਕਾਰ-ਵਿਹਾਰ ਦੇ ਦੌਰਾਨ ਸਫਲ ਜੀਵਨ ਜਿਉਣਾ ਸਿਖਾਇਆ ਜਾਂਦਾ ਹੈ। ਸਿੱਖ ਰਹਿਤ ਮਰਯਾਦਾ ਦੇ ਅਨੁਸਾਰ ਸੰਪੂਰਨ ਜੀਵਨ ਚਾਰ ਸੰਸਕਾਰਾਂ ਵਿੱਚ ਵੰਡਿਆ ਹੋਇਆ ਹੈ। ਸੰਸਕਾਰ: ਇਸ ਸ਼ਬਦ ਦਾ ਅਰਥ ਹੈ ਧਰਮ ਰੀਤਿ ਨਾਲ ਕੀਤਾ ਹੋਇਆ ਉਹ ਕਰਮ ਜਿਸ ਦਾ ਅਸਰ ਚਿੱਤ ਤੇ ਬਣਿਆ ਰਹੇ। ਇਹ ਚਾਰ ਸੰਸਕਾਰ ਹਨ- (1) ਜਨਮ ਤੇ ਨਾਮ ਸੰਸਕਾਰ, (2) ਅੰਮ੍ਰਿਤ ਸੰਸਕਾਰ, (3) ਅਨੰਦ ਸੰਸਕਾਰ, (4) ਮ੍ਰਿਤਕ ਸੰਸਕਾਰ। ਗੁਰੂ ਪੰਥ ਦੀ ਵਿਲੱਖਣਤਾ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਕਿ ਸਮੁੱਚੇ ਪੰਥ ਦੀ ਜੀਵਨ-ਜਾਚ ਦਾ ਮੂਲ ਧੁਰਾ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਚਿਤ ਬਾਣੀ ਗੁਰਮਤਿ ਦੀ ਜੀਵਨ ਵਿਧੀ ਸਿਖਾਉਂਦੀ ਹੈ-

ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥
ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥ (ਅੰਗ 52)

**ਗੁਰ-ਸ਼ਬਦ ਦੀ ਮਹੱਤਤਾ ਤੇ ਬਾਣੀ ਦਾ ਸੰਕਲਨ**

ਗੁਰੂ-ਸ਼ਬਦ ਦੀ ਮਹਿਮਾ ਦੱਸੀ ਨਹੀਂ ਜਾ ਸਕਦੀ ਜਿਸ ਨੇ ਪਤਿਤ ਨੂੰ ਪਲ ਭਰ ਵਿੱਚ ਪਵਿੱਤਰਤਾ ਬਖ਼ਸ਼ਿਸ਼ ਕਰ ਦਿੱਤੀ ਹੈ, ਸਾਰੇ ਭੈ ਖਤਮ ਕਰ ਕੇ ਨਿਰਭੈ ਦੀ ਪਦਵੀ ਪ੍ਰਦਾਨ ਕੀਤੀ ਜਾਂਦੀ ਹੈ। ਸ਼ਬਦ/ਨਾਦ/ਬ੍ਰਹਮ ਹੈ। ਨਾਦ ਸ਼ਬਦ ਦਾ ਸੂਖਮ ਸ੍ਵਰੂਪ ਹੈ ਜੋ ਸਾਰੇ ਬ੍ਰਹਿਮੰਡ ਵਿੱਚ ਵਿਆਪਕ ਹੈ। ਆਤਮਾ ਤੇ ਪਰਮਾਤਮਾ ਨਾਲ ਮਿਲਾਪ ਲਈ ਸੰਗੀਤ ਇੱਕ ਮਾਧਿਅਮ ਵਜੋਂ ਕਾਰਜਸ਼ੀਲ ਹੁੰਦਾ ਹੈ। ਸੰਗੀਤ ਇਕ ਸੂਖਮ ਕਲਾ ਹੈ ਜਿਸ ਵਿਚ ਮਨੁੱਖ ਦੇ ਮਨ ਨੂੰ ਸ਼ਾਂਤ ਕਰਨ ਤੇ ਇਕਾਗਰ ਕਰਨ ਦੀ ਅਦਭੁੱਤ ਸ਼ਕਤੀ ਹੈ। ਇਸੇ ਸ਼ਕਤੀ ਦਾ ਪ੍ਰਯੋਗ ਕਰਦਿਆਂ ਗੁਰੂ ਸਾਹਿਬ ਨੇ ਸਿੱਖੀ ਜੀਵਨ ਦੇ ਵਿਵਹਾਰ ਨੂੰ ਅਧਿਆਤਮਕ ਸੰਗੀਤ ਨਾਲ ਸ਼ਰਸਾਰ ਕੀਤਾ। ਗੁਰੂ ਨਾਨਕ ਆਪਣੀ ਬਾਣੀ ਨੂੰ 'ਖ਼ਸਮ ਦੀ ਬਾਣੀ' ਆਖਦੇ ਹਨ ਅਤੇ ਆਪਣੇ ਆਪ ਨੂੰ ਸਾਇਰ, ਢਾਡੀ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸ ਤਰ੍ਹਾਂ ਉਹ ਅਪਣੇ ਆਪ ਨੂੰ ਬਾਣੀ ਦੇ ਰਚਨਹਾਰ ਹੋਣ ਦੀ ਹਉ ਤੋਂ ਨਿਰਲੇਪ ਰਹਿੰਦਿਆਂ ਆਪਣੇ ਆਪ ਨੂੰ '' ਖਸਮ ਕੀ ਬਾਣੀ'' ਦਾ ਸੰਚਾਰ ਕਰਨ ਵਾਲੇ ਪ੍ਰਸਤੁਤਕਾਰ ਦੇ ਰੂਪ ਵਿੱਚ ਚਿਤਵਦੇ ਹਨ। ਗੁਰੂ ਨਾਨਕ ਪਾਤਸ਼ਾਹ ਜੀ ਉਦਾਸੀਆਂ ਦੌਰਾਨ ਇੱਕ ਪੋਥੀ ਆਪਣੇ ਕੋਲ ਰੱਖਦੇ ਸਨ ਜਿਸ ਵਿੱਚ ਉਨ੍ਹਾਂ ਵਲੋਂ ਵੱਖ-ਵੱਖ ਸਥਾਨਾਂ ਤੋਂ ਇਕੱਤਰ ਕੀਤੀ ਭਗਤਾਂ ਦੀ ਬਾਣੀ ਦੇ ਇਲਾਵਾ ਆਪਣੀ ਬਾਣੀ ਵੀ ਸ਼ਾਮਿਲ ਸੀ। ਬਾਣੀ ਰਚਨਾ ਦਾ ਕਾਰਜ ਇਸੇ ਤਰ੍ਹਾਂ ਗੁਰੂ ਪ੍ਰੰਪਰਾ ਵਿੱਚ ਚਲਦਾ ਰਿਹਾ, ਜਿਸ ਵਿੱਚ ਵਾਰੀ ਵਾਰੀ ਪੰਜਵੇਂ ਗੁਰੂ ਤੱਕ ਸਾਰੇ ਗੁਰੂ ਸਾਹਿਬਾਨ ਦੀ

ਬਾਣੀ ਦਰਜ਼ ਹੁੰਦੀ ਗਈ। ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਵੇਲੇ ਗੁਰੂ ਅਰਜਨ ਦੇਵ ਜੀ ਇਹ ਬਾਣੀ ਵਾਲੀ ਪੋਥੀ ਪ੍ਰਾਪਤ ਕਰਨ ਲਈ ਬਾਬਾ ਮੋਹਨ ਜੀ ਕੋਲ ਗਏ। ਗੁਰੂ ਅਰਜਨ ਸਾਹਿਬ ਉਸ ਗਲੀ ਵਿੱਚ ਆਏ, ਜਿੱਥੇ ਬਾਬਾ ਮੋਹਨ ਜੀ ਚੁਬਾਰੇ ਵਿੱਚ ਟਿਕੇ ਹੋਏ ਸਨ। ਗਲੀ ਵਿੱਚ ਹੇਠਾਂ ਹੀ ਸਤਿਗੁਰੂ ਜੀ ਬੈਠ ਗਏ ਤੇ ਹੱਥ ਵਿੱਚ ਤੰਬੂਰਾ ਲੈ ਕੇ ਬਾਬਾ ਮੋਹਨ ਜੀ ਦੀ ਸਿਫ਼ਤ ਵਿੱਚ ਇਕ ਸ਼ਬਦ ਉਚਾਰਣ ਕਰਨ ਲੱਗੇ। ਉਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਗਉੜੀ ਰਾਗ ਵਿਚ ਦਰਜ਼ ਹੈ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ–

ਗੁਰ–ਸੁਤ ਮੋਹਨ ਜਹਾਂ ਚੁਬਾਰੈ ਮੈ ਰਹੈ। ਤਿਸ ਨੀਚੇ ਜੋ ਗਰੀ, ਜਾਇ ਤਿਹ ਨਾ ਲਹੈ।
ਤੰਬੂਰ ਸੁਰ ਠਾਨਿ, ਲਗੇ ਪੁਨਿ ਗਾਵਨੇ। ਹੋ ਗਉੜੀ ਰਾਗ ਅਲਾਪਿ, ਮਧੁਰ ਸੁਰ ਭਾਵਨੇ।17।

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਪੋਥੀ ਪ੍ਰਾਪਤ ਕਰਕੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਇਸ ਬਾਣੀ ਦੀ ਸੰਪਾਦਨਾ ਇੱਕ ਵਿਸ਼ੇਸ਼ ਗ੍ਰੰਥ ਵਿੱਚ ਕਰ ਦਿੱਤੀ ਜਿਸ ਨੂੰ ਆਦਿ ਗ੍ਰੰਥ ਕਿਹਾ ਜਾਂਦਾ ਹੈ। ਇਸ ਆਦਿ ਗ੍ਰੰਥ ਸਾਹਿਬ ਵਿੱਚ 30 ਰਾਗਾਂ ਦੇ ਅੰਤਰਗਤ 35 ਮਹਾਂਪੁਰਸ਼ਾਂ ਦੀ ਬਾਣੀ ਦਰਜ਼ ਸੀ। ਦੂਸਰੀ ਵਾਰ 1706 ਈ: ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ 'ਆਦਿ ਗ੍ਰੰਥ' ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਿਲ ਕਰਕੇ ਸੰਪੂਰਨ ਕਰਵਾਇਆ। ਜਿਸ ਨਾਲ ਮੁੱਖ ਰਾਗਾਂ ਦੀ ਗਿਣਤੀ 31 ਅਤੇ ਇਸ ਵਿੱਚ ਬਾਣੀਕਾਰਾਂ ਦੀ ਗਿਣਤੀ 36 ਹੋ ਗਈ। ਸਿੱਖ ਧਰਮ ਵਿੱਚ ਸ਼ਬਦ ਗੁਰੂ ਦੇ ਸੰਕਲਪ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਰਵ–ਉੱਚ ਗੁਰੂ ਮੰਨਣ ਦਾ ਆਦੇਸ਼ ਦਿੱਤਾ। ਇਨ੍ਹਾਂ ਵਿਚਲੀ ਬਾਣੀ ਦੇ ਸ਼ਬਦ ਇਕੱਲੇ ਜਾਂ ਸੁਤੰਤਰ ਰੂਪ ਵਿੱਚ ਕਾਰਜਸ਼ੀਲ ਨਹੀਂ। ਇਸ ਲਈ ਸੰਗੀਤਕ ਜੁਗਤ ਦੀ ਵਰਤੋਂ ਕੀਤੀ ਗਈ ਹੈ। ਪਰ ਜੇ ਦੇਖਿਆ ਜਾਵੇ ਤਾਂ ਇਸ ਬਾਣੀ ਦਾ ਪ੍ਰਯੋਗ ਪੜ੍ਹਨ ਜਾਂ ਗਾਉਣ ਮਾਤਰ ਹੀ ਨਹੀਂ ਹੈ ਸਗੋਂ ਇਸ ਨੂੰ ਆਪਣੇ ਵਿਵਹਾਰ ਵਿਚ ਸ਼ਾਮਿਲ ਕਰਨਾ ਹੈ ਕਿਉਂਕਿ ਇਸ ਬਾਣੀ ਦੇ ਰਚਨਹਾਰਾਂ ਨੇ ਵੀ ਇਸ ਬਾਣੀ ਦੀ ਸਿਰਫ ਰਚਨਾ ਹੀ ਨਹੀਂ ਕੀਤੀ ਸਗੋਂ ਇਸ ਨੂੰ ਪਹਿਲਾਂ ਆਪਣੇ ਜੀਵਨ ਵਿਚ ਕਮਾ ਕੇ ਜਾਂ ਵਿਵਹਾਰ ਵਿਚ ਲਿਆਕੇ ਦਿਖਾਇਆ ਤੇ ਫਿਰ ਉਪਦੇਸ਼ ਮਾਤਰ ਸਾਡੇ ਤੱਕ ਪਹੁੰਚਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਜੀਵਨ ਦਾ ਮੁੱਖ ਮੰਤਵ ਆਤਮਾ ਦਾ ਪਰਮਾਤਮਾ ਨਾਲ ਮਿਲਾਪ/ਪ੍ਰਭੂ ਭਗਤੀ/ਪ੍ਰਭ ਸਿਮਰਨ ਹੈ। ਬਾਣੀ ਦੇ ਹਰ ਸ਼ਬਦ ਦਾ ਕੇਂਦਰੀ ਭਾਵ ਹਰ ਵੇਲੇ ਪਰਮਾਤਮਾ ਦੀ ਸਿਫ਼ਤ ਸਲਾਹ ਕਰਨੀ ਜਾਂ ਪ੍ਰਭੂ ਦਾ ਸਿਮਰਨ ਜਾਂ ਭਗਤੀ ਕਰਨਾ ਹੈ। ਇਸ ਦੇ ਲਈ ਸਾਨੂੰ ਜੰਗਲਾਂ ਵਿੱਚ ਜਾਣ ਦੀ ਜ਼ਰੂਰਤ ਨਹੀਂ ਸਗੋਂ ਸਿੱਖੀ ਜੀਵਨ ਜਿਉਂਦਿਆਂ ਹੋਇਆਂ, ਗ੍ਰਿਹਸਤ ਜੀਵਨ ਬਤੀਤ ਕਰਦਿਆਂ, ਆਪਣੇ ਕੰਮ–ਕਾਜ ਕਰਦਿਆਂ, ਕਿਰਤ ਕਮਾਈ ਕਰਦਿਆਂ ਹੀ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝਦਿਆਂ ਹਰ ਵੇਲੇ ਸਿਮਰਨ ਕਰਨਾ ਜ਼ਰੂਰੀ ਹੈ। ਗੁਰਬਾਣੀ ਵਿੱਚ ਵੀ ਫੁਰਮਾਨ ਹੈ–

ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥

ਮਨੁੱਖੀ ਭਾਵਨਾਵਾਂ ਸਾਰੀਆਂ ਹੀ ਮਨ ਨਾਲ ਜੁੜੀਆਂ ਹੋਈਆਂ ਹਨ। ਸਰੀਰ ਤੋਂ ਪਹਿਲਾਂ ਤੇ ਸਰੀਰ ਤੋਂ ਬਾਅਦ ਮਨ ਲਗਾਤਾਰ ਕ੍ਰਿਆਸ਼ੀਲ ਰਹਿੰਦਾ ਹੈ। ਗੁਰਬਾਣੀ ਵਿੱਚ ਮਨ ਦੀ ਤੁਲਨਾ ਬੱਚੇ ਨਾਲ ਦਿੱਤੀ ਗਈ ਹੈ ਜੋ ਚੰਚਲ ਸ਼ਰਾਰਤੀ ਤੇ ਬੇ–ਸਮਝ ਹੈ। ਇਸ ਮਨ ਤੇ ਕਾਬੂ ਪਾਉਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਆਸ਼ੇ ਅਨੁਸਾਰ ਚਲਣਾ ਜ਼ਰੂਰੀ ਹੈ। ਇਸ ਨਾਲ ਮਨ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਗੁਰਬਾਣੀ ਵਿੱਚ ਵੀ ਆਪਣੇ ਮਨ ਨੂੰ ਕਾਬੂ ਵਿੱਚ ਕਰਨ ਲਈ ਫੁਰਮਾਨ ਹੈ–

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥
ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ॥ (ਅੰਗ 647)

**ਗੁਰਮਤਿ ਸੰਗੀਤ ਪ੍ਰੰਪਰਾ**

ਭਾਰਤੀ ਸੰਗੀਤ ਪ੍ਰੰਪਰਾ ਵਿੱਚ ਪਹਿਲਾਂ ਤੋਂ ਹੀ ਭਗਤੀ/ਕੀਰਤਨ ਪ੍ਰੰਪਰਾਵਾਂ ਪ੍ਰਚੱਲਿਤ ਸਨ, ਪਰ ਸਿੱਖ ਧਰਮ ਦੀ ਇਹ ਸ਼ਬਦ ਕੀਰਤਨ ਪ੍ਰੰਪਰਾ ਉਨ੍ਹਾਂ ਤੋਂ ਵਿਲੱਖਣ ਹੋ ਕੇ ਸਿੱਖੀ ਜੀਵਨ ਦੀ ਵਿਵਹਾਰਿਕਤਾ ਦਾ ਅੰਗ ਬਣ ਗਈ। ਸਿੱਖ ਧਰਮ ਦੀ ਇਹ ਸ਼ਬਦ ਕੀਰਤਨ ਪ੍ਰੰਪਰਾ ਗੁਰਮਤਿ ਦੇ ਸਿਧਾਂਤਾਂ 'ਤੇ ਆਧਾਰਿਤ ਹੋਣ ਕਰਕੇ 'ਗੁਰਮਤਿ ਸੰਗੀਤ ਪ੍ਰੰਪਰਾ' ਦੇ ਨਾਮ ਵਜੋਂ ਜਾਣੀ ਜਾਂਦੀ ਹੈ। ਗੁਰਮਤਿ ਸੰਗੀਤ ਜੇ ਅੱਖਰੀ ਅਰਥਾਂ ਵਿੱਚ ਸਮਝਿਆ ਜਾਵੇ ਤਾਂ ਇਹ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਗੁਰਮਤਿ ਸੰਗੀਤ। ਮਹਾਨ ਕੋਸ਼ ਵਿਚ ਗੁਰਮਤਿ ਤੋਂ ਭਾਵ ਗੁਰੂ ਦੀ ਰਾਇ ਅਤੇ ਸੰਗੀਤ ਤੋਂ ਭਾਵ ਹੈ ਸੰ–ਗੀਤ, ਸੰਗਯਾ–ਨ੍ਰਿਤਯ, ਗਾਯਨ ਅਤੇ ਬਜਾਉਣਾ। ਇਸ ਦਾ ਅਰਥ ਇਹ ਹੋਇਆ ਗੁਰੂ ਦੁਆਰਾ ਦਿੱਤੀ ਹੋਈ ਮੱਤ ਜਾਂ ਸਿਧਾਂਤਾਂ ਅਨੁਸਾਰ ਸਿਰਜਿਆ ਸੰਗੀਤ। ਵਰਤਮਾਨ ਸਮੇਂ ਗੁਰਮਤਿ ਸੰਗੀਤ ਦਾ ਇਹ ਸਿਧਾਂਤ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਾਪਤ ਹੁੰਦਾ

ਹੈ। ਗੁਰੂ ਗ੍ਰੰਥ ਵਿਸ਼ਵਕੋਸ਼ ਵਿੱਚ ਗੁਰਮਤਿ ਸੰਗੀਤ ਦੀ ਵਿਆਖਿਆ ਇਸ ਪ੍ਰਕਾਰ ਦਿੱਤੀ ਗਈ ਹੈ- 'ਗੁਰਮਤਿ ਸੰਗੀਤ' ਤੋਂ ਭਾਵ ਹੈ ਗੁਰੂ ਗ੍ਰੰਥ ਸਾਹਿਬ ਵਿੱਚ ਅਪਣਾਇ ਗਏ ਸੰਗੀਤ ਪ੍ਰਬੰਧ ਜਾਂ ਸੰਗੀਤ ਪੱਧਤੀ। ਇਸ ਸੰਗੀਤ ਪੱਧਤੀ ਦਾ ਸੰਬੰਧ ਧਾਰਮਿਕ ਸੰਗੀਤ ਨਾਲ ਹੈ। ਭਾਰਤੀ ਧਰਮਾਂ ਦੇ ਪ੍ਰਸੰਗ ਵਿਚ ਦੇਖੀਏ ਤਾਂ ਸਿੱਖ ਧਰਮ ਦੀ ਵਿਲੱਖਣਤਾ ਇਸ ਦੇ 'ਸ਼ਬਦ-ਗੁਰੂ' ਦੀ ਮੌਲਿਕਤਾ ਦੇ ਸੰਕਲਪ ਤੋਂ ਹੁੰਦੀ ਹੈ ਕਿਉਂਕਿ ਸ਼ਬਦਾਂ ਦਾ ਗਿਆਨ ਨਾ ਹੋਣ ਤੇ ਵੀ ਸੰਗੀਤ ਰਾਹੀਂ ਉਸ ਦਾ ਰਸ ਸ੍ਰੋਤਿਆਂ ਦੇ ਕੰਨਾਂ ਵਿਚ ਸੰਚਾਰਿਤ ਹੁੰਦਾ ਹੈ ਤੇ ਵਿਅਕਤੀ ਵਿਸਮਾਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਬਾਣੀ ਤੇ ਸੰਗੀਤ ਦਾ ਅਟੁੱਟ ਸੰਬੰਧ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਧਿਕਤਰ ਬਾਣੀ ਰਾਗਾਤਮਕ ਰੂਪ ਵਿੱਚ ਹੈ। ਇਸੇ ਕਰਕੇ ਇਸ ਦਾ ਵਿਸ਼ੇਸ਼ ਸੰਗੀਤ ਪ੍ਰਬੰਧ ਹੈ ਜੋ ਸ਼ਬਦ ਕੀਰਤਨ ਦੀ ਪ੍ਰੰਪਰਾ ਦੇ ਆਧਾਰ ਵਜੋਂ ਪ੍ਰਗਟ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਿੱਖ ਗੁਰੂ ਸਾਹਿਬਾਨ ਨੇ ਉਸ ਪਰਮਾਤਮਾ ਦੀ ਬਖ਼ਸ਼ਿਸ਼ ਵਜੋਂ ਪ੍ਰਾਪਤ ਇਲਾਹੀ ਬਾਣੀ ਦੀ ਪ੍ਰਸਤੁਤੀ ਲਈ ਕਾਵਿ ਅਤੇ ਸੰਗੀਤ ਦੀ ਜੁਗਤ ਨੂੰ ਮੌਲਿਕ ਵਿਧੀ ਅਨੁਸਾਰ ਪ੍ਰਯੋਗ ਕੀਤਾ। ਇਸੇ ਬਾਣੀ ਦਾ ਕਾਵਿ ਰੂਪ ਵਿੱਚ ਉਚਾਰਣ ਹੋਣ ਕਰਕੇ ਇਸ ਦੀ ਪੇਸ਼ਕਾਰੀ ਲਈ ਸੰਗੀਤ ਦੀ ਕੀਰਤਨ ਜੁਗਤ ਦਾ ਪ੍ਰਯੋਗ ਕੀਤਾ ਗਿਆ ਹੈ। ਇਸ ਕੀਰਤਨ ਵਿੱਚ ਬਾਣੀ ਨੂੰ ਸ਼ਬਦ ਦੇ ਰੂਪ ਵਿੱਚ ਗਾਇਨ ਕੀਤਾ ਜਾਂਦਾ ਹੈ ਤੇ ਸ਼ਬਦ ਕੀਰਤਨ ਨੂੰ ਸਿੱਖ ਧਰਮ ਵਿੱਚ ਗੁਰੂ ਨਾਨਕ ਜੀ ਤੋਂ ਲੈ ਕੇ ਮਰਿਆਦਤ ਰੂਪ ਵਿੱਚ ਸਿੱਖੀ ਜੀਵਨ ਵਿਵਹਾਰ ਦਾ ਅਨਿੱਖੜ ਅੰਗ ਬਣਾਇਆ ਗਿਆ ਕਿਉਂ ਜੋ ਸਿੱਖ ਧਰਮ ਵਿੱਚ ਸਿੱਖ ਵਿਚਾਰਧਾਰਾ ਦਾ ਪ੍ਰਚਲਨ ਬਾਣੀ ਰਾਹੀਂ ਸ਼ਬਦ ਗੁਰੂ ਦੇ ਆਧਾਰ ਦੁਆਰਾ ਹੀ ਹੋਇਆ ਹੈ। ਇਹ ਬਾਣੀ ਈਸ਼ਵਰੀ ਆਦੇਸ਼ ਹੈ ਇਸ ਲਈ ਬਾਣੀ ਹੀ ਗੁਰੂ ਹੈ। ਗੁਰਬਾਣੀ ਵਿੱਚ ਫੁਰਮਾਨ ਹੈ-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ (ਅੰਗ 982)

**ਕੀਰਤਨ ਦਾ ਸਰੂਪ**

ਜਦੋਂ ਅਸੀਂ ਸਮੂਹਕ ਤੌਰ 'ਤੇ ਗੱਲ ਕਰਦੇ ਹਾਂ ਤਾਂ ਡਾ. ਰਵਿੰਦਰ ਕੌਰ ਰਵੀ ਜੀ ਲਿਖਦੇ ਹਨ- ਪ੍ਰਚਾਰ ਵਿੱਚ ਕੀਰਤਨ ਦੇ ਤਿੰਨ ਪ੍ਰਕਾਰ ਹਨ, ਜਿੰਨ੍ਹਾਂ ਨੂੰ ਨਾਮ ਕੀਰਤਨ, ਪਾਲਾ ਕੀਰਤਨ ਅਤੇ ਨਗਰ ਕੀਰਤਨ ਆਖਦੇ ਹਨ। ਨਾਮ ਸਿਮਰਨ ਲਈ ਕੀਰਤਨ ਇੱਕ ਮਹੱਤਵਪੂਰਨ ਸਾਧਨ ਹੈ। ਸਤਿਗੁਰਾਂ ਦਾ ਯਤਨ ਹੈ ਕਿ ਰਾਗ ਦੀ ਕੋਮਲਤਾ ਨਾਲ ਦ੍ਰਵੇ ਮਨ ਉੱਪਰ ਨਿਰਮਲ-ਰੱਬੀ-ਗੁਣਾਂ ਦਾ ਅਮਿਟ ਪ੍ਰਭਾਵ ਪਾਇਆ ਜਾਵੇ ਤਾਂ ਜੋ ਕੀਰਤਨ ਕਰਨ- ਸੁਣਨ ਵਾਲੇ ਦਾ ਜੀਵਨ ਵਿਕਾਰਾਂ ਤੋਂ ਨਿਰਮਲ ਹੋ ਜਾਵੇ ਜਾਂ ਦੂਜੇ ਲਫ਼ਜ਼ਾਂ ਵਿੱਚ ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਗੁਰੂ ਘਰ ਵਿੱਚ ਰਾਗ ਨਾਦ ਦੀ ਵਰਤੋਂ ਸ਼ਿੰਗਾਰ ਰਸ ਦਾ ਸਾਧਨ ਨਹੀਂ ਸਗੋਂ ਇਸ ਨੂੰ ਕਰਤੇ ਵਿੱਚ ਅਭੇਦ ਹੋਣ ਦਾ ਸਾਧਨ ਬਣਾਇਆ। ਕੀਰਤਨ ਦਾ ਸ਼ਬਦੀ ਅਰਥ ਹੈ 'ਕੀਰਤੀ ਕਰਨਾ, ਉਸਤਤੀ ਕਰਨਾ'। ਗੁਰਮਤਿ ਵਿੱਚ ਸਿੱਖੀ ਸਿਧਾਂਤਾਂ ਅਨੁਸਾਰ ਗੁਰਬਾਣੀ ਦੇ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ। ਗੀਤਾਂ ਜਾਂ ਡਿਸਕੋ ਵਾਂਗ ਚੰਚਲਤਾ ਵਾਲੀਆਂ ਧੁਨੀਆਂ ਗਾਉਣਾ/ਗਾਇਨ ਕਰਨਾ ਕੀਰਤਨ ਨਹੀਂ ਹੈ। ਕੀਰਤਨ ਤਾਂ ਅਧਿਆਤਮਕਤਾ ਦੇ ਰੰਗ ਵਿੱਚ ਆਪਣੇ ਮਨ ਤੇ ਸੁਰਤ ਨੂੰ ਇਕਾਗਰ ਕਰਕੇ ਰਾਗ ਵਿੱਚ ਸ਼ਬਦ ਬਾਣੀ ਨੂੰ ਮਹੱਤਵ ਦੇ ਕੇ ਗਾਉਣ ਨੂੰ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ-

ਮੇਰੇ ਮੋਹਨ ਸ੍ਰਵਣੀ ਇਹ ਨ ਸੁਨਾਏ॥ ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ॥

ਕਹਿਣ ਨੂੰ ਤਾਂ ਸਿੱਖ ਧਰਮ ਦਾ ਪ੍ਰਚਾਰ ਕਰਨ ਹਿੱਤ ਅਤੇ ਰੱਬ ਨਾਲ ਮਨ ਜੋੜਣ ਲਈ ਕਈ ਤਰ੍ਹਾਂ ਦਾ ਗਾਇਨ ਪ੍ਰਚੱਲਿਤ ਹੈ। ਜਿਵੇਂ:- ਧਾਰਨਾ ਦਾ ਕੀਰਤਨ, ਧਾਰਮਿਕ ਗੀਤ ਆਦਿ। ਪਰ ਇਹ ਗਾਇਨ ਰੂਪ ਅਸਲ ਕੀਰਤਨ ਦੇ ਰੂਪ ਤੋਂ ਵੱਖਰੇ ਹਨ। ਪ੍ਰਮਾਣਕ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਭਾਈ ਨੰਦ ਲਾਲ ਜੀ ਦੀ ਗ਼ਜ਼ਲਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾਵਾਂ ਦਾ ਗਾਇਨ ਕੀਰਤਨ ਵਿੱਚ ਸ਼ਾਮਿਲ ਹੈ। ਗੁਣਗੁਣਾਉਣਾ ਇਨਸਾਨ ਦਾ ਕੁਦਰਤੀ ਗੁਣ ਹੁੰਦਾ ਹੈ। ਜਿਸ ਕਿਸੇ ਨੂੰ ਆਪਣੇ ਅੰਦਰ ਇਹ ਗੁਣ ਪਛਾਣ ਵਿੱਚ ਆ ਜਾਂਦਾ ਹੈ ਉਹ ਸੰਗੀਤ ਦੀ ਜਾਣਕਾਰੀ ਲੈ ਕੇ ਕੀਰਤਨ ਕਰਨ ਦੇ ਯੋਗ ਹੋ ਜਾਂਦਾ ਹੈ। ਗੁਰੂ ਸਾਹਿਬ ਆਪਣੀ ਬਾਣੀ ਵਿੱਚ ਫੁਰਮਾਉਂਦੇ ਹਨ-

ਆਵਹੁ ਸਿਖ ਸਤਿਗੁਰੂ ਕੇ ਪਿਆਰਹੁ ਗਾਵਹੁ ਸਚੀ ਬਾਣੀ॥

ਡਾ. ਹਰਜਸ ਕੌਰ ਅਨੁਸਾਰ ਗੁਰਬਾਣੀ ਸੰਗੀਤ ਦੀ ਵਿਲੱਖਣਤਾ ਨੂੰ ਜਾਨਣ ਲਈ ਅਤੇ ਗੁਰਬਾਣੀ ਅੰਤਰਨਿਹਿਤ ਪਰਮਸੱਤ ਦੇ ਬੋਧ ਲਈ ਇਸ ਦੇ ਸੰਗੀਤ ਪ੍ਰਬੰਧ ਦੀ ਵਿਭਿੰਨ ਇਕਾਈਆਂ ਦੇ ਨਾਲ ਸੰਪਰਕ ਕਰਨਾ ਜ਼ਰੂਰੀ ਹੈ। ਪ੍ਰੰਪਰਾ ਦੇ ਤੌਰ 'ਤੇ ਕੀਰਤਨ ਲਈ ਵਿਸ਼ੇਸ਼ ਨਿਯਮ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਿੱਤੇ ਸੰਗੀਤਕ ਸੰਕੇਤਾਂ ਤੋਂ ਸਪੱਸ਼ਟ ਹੋ

ਜਾਂਦੇ ਹਨ ਜਿਵੇਂ: ਰਾਗ, ਘਰ, ਅੰਕ, ਰਹਾਓ, ਅਸ਼ਟਪਦੀ, ਵਾਰ, ਸਲੋਕ ਅਤੇ ਹੋਰ ਗਾਇਨ ਸ਼ੈਲੀਆਂ ਆਦਿ। ਗੁਰਬਾਣੀ ਵਿੱਚ 'ਕੀਰਤਨ' ਨੂੰ ਪ੍ਰਮੁੱਖ ਧਰਮ ਕਰਮ ਕਰਾਰ ਦਿੱਤਾ ਗਿਆ ਤੇ ਥਾਂ-ਥਾਂ ਕੀਰਤਨ ਕਰਨ ਉੱਤੇ ਜ਼ੋਰ ਹੈ। ਇਹ ਕੀਰਤਨ ਕੀ ਹੈ- 'ਸੰਗੀਤ ਦੁਆਰਾ ਪ੍ਰਭੂ ਜਸ ਗਾਉਣਾ'। ਇਹ ਪੱਕੇ ਰਾਗ ਵਿੱਚ ਵੀ ਹੋ ਸਕਦਾ ਹੈ ਤੇ ਲੋਕ ਤਰਜ਼ ਵਿੱਚ ਵੀ। ਗੁਰੂ ਸਾਹਿਬ ਦੀ ਹਦਾਇਤ ਹੈ-

ਗੁਣ ਗੋਵਿੰਦ ਗਾਵਹੁ ਸਭਿ ਹਰਜਨ ਰਾਗ ਰਤਨ ਰਸਨਾ ਅਲਾਪ॥

**ਸ਼ਬਦ ਕੀਰਤਨ ਦੀ ਮਰਿਆਦਾ ਦਾ ਸਰੂਪ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਵੱਧ ਪਦ ਗਾਇਨ ਸ਼ੈਲੀ ਦੇ ਪ੍ਰਯੋਗ ਕੀਤਾ ਗਿਆ ਹੈ ਇਸੇ ਕਰਕੇ ਪਦ ਸ਼ੈਲੀ ਨੂੰ ਗੁਰਮਤਿ ਸੰਗੀਤ ਦੀ ਪ੍ਰਧਾਨ ਸ਼ੈਲੀ ਕਿਹਾ ਜਾਂਦਾ ਹੈ। ਇਨ੍ਹਾਂ ਪਦਿਆਂ ਵਿੱਚ ਰਚਿਤ ਬਾਣੀ ਨੂੰ ਕੀਰਤਨ ਦੀ ਵਿਹਾਰਿਕ ਪ੍ਰੰਪਰਾ ਵਿੱਚ ਸ਼ਬਦ ਗਾਇਨ ਦਾ ਨਾਮ ਦਿੱਤਾ ਜਾਂਦਾ ਹੈ। ਇਨ੍ਹਾਂ ਪਦਿਆਂ ਦਾ ਕੀਰਤਨ ਵਿੱਚ ਬਹੁਤ ਮਹੱਤਵ ਹੈ। ਇਹ ਪਦ ਗਾਇਨ ਸ਼ੈਲੀ ਬਾਣੀ ਦੇ ਅੰਕਣ ਪ੍ਰਬੰਧ ਅਧੀਨ ਆਉਦੀ ਹੈ। ਇਨ੍ਹਾਂ ਅੰਕਾਂ ਅਨੁਸਾਰ ਪਦਿਆਂ ਦੀ ਸੰਖਿਆ ਨਿਰਧਾਰਿਤ ਹੁੰਦੀ ਹੈ। ਜਿਸ ਵਿੱਚ ਪੂਰੇ ਸ਼ਬਦ ਵਿੱਚ ਦੋ ਪਦੇ(ਦੁਪਦੇ), ਤਿੰਨ ਪਦੇ(ਤਿਪਦੇ), ਚਾਰ ਪਦੇ(ਚਉਪਦੇ), ਅੱਠ ਪਦੇ(ਅਸ਼ਟਪਦੀ) ਹੁੰਦੇ ਹਨ। ਇਨ੍ਹਾਂ ਵਿੱਚੋਂ ਜਿਸ ਪਦੇ ਵਿੱਚ ਰਹਾਉ ਲਿਖਿਆ ਹੁੰਦਾ ਹੈ ਉਸ ਪਦੇ ਦੀ ਆਪਣੀ ਵਿਸ਼ੇਸ਼ਤਾ ਹੈ। ਰਹਾਉ ਦਾ ਭਾਵ ਹੈ- ਠਹਿਰਾਉ। ਇਸ ਪਦੇ ਦੀ ਤੁਕਾਂ ਵਿੱਚ ਪੂਰੇ ਸ਼ਬਦ ਦਾ ਕੇਂਦਰੀ ਭਾਵ ਹੁੰਦਾ ਹੈ ਜੋ ਗੁਰੂ ਸਾਹਿਬ ਸਾਨੂੰ ਸਮਝਾਉਣਾ ਚਾਹੁੰਦੇ ਹਨ। ਬਾਕੀ ਪਦੇ ਇਸ ਕੇਂਦਰੀ ਭਾਵ ਦੀ ਵਿਆਖਿਆ ਉਦਾਹਰਣਾਂ ਸਹਿਤ ਕਰਦੇ ਹਨ ਜਿਸ ਨਾਲ ਸੰਪੂਰਨ ਸ਼ਬਦ ਦੇ ਅਰਥ ਉਜਾਗਰ ਹੋ ਜਾਂਦੇ ਹਨ। ਗੁਰਬਾਣੀ ਗਾਇਨ ਵਿੱਚ ਰਹਾਉ ਵਾਲੇ ਪਦੇ ਨੂੰ ਸਥਾਈ/ਟੇਕ ਦੇ ਰੂਪ ਵਿੱਚ ਗਾਇਆ ਜਾਂਦਾ ਹੈ ਅਤੇ ਬਾਕੀ ਪਦਿਆਂ ਨੂੰ ਅੰਕਾਂ ਅਨੁਸਾਰ ਅੰਤਰਿਆਂ ਦੇ ਰੂਪ ਵਿੱਚ ਗਾਇਆ ਜਾਂਦਾ ਹੈ। ਸ਼ਬਦ ਵਿੱਚ ਤੁਕਾਂ ਭਾਵ ਨੂੰ ਮੁੱਖ ਰੱਖਦਿਆਂ, ਨੰਬਰ ਵਾਰ ਦਿੱਤੀਆਂ ਹੁੰਦੀਆਂ ਹਨ। ਅਸਥਾਈ ਅੰਤਰੇ ਗਾਉਣ ਵੇਲੇ, ਇਸ ਤਰ੍ਹਾਂ ਉਚਾਰਨ ਕੀਤੇ ਜਾਣ ਕੇ ਸ੍ਰੋਤਿਆਂ ਨੂੰ ਤੁਕਾਂ ਦਾ ਭਾਵ ਸਪੱਸ਼ਟ ਹੁੰਦਾ ਰਹੇ। ਇਸ ਵਿਧੀ ਦੁਆਰਾ ਤਿਆਰ ਕੀਤੇ ਗਏ ਗਾਇਨ ਵਿੱਚ ਹੰਕਾਰ ਦਾ ਤਿਆਗ, ਸੰਪੂਰਣ ਸਮਰਪਣ, ਕਲਾਤਮਕਤਾ ਨਾਲ ਸ਼ਬਦ ਨੂੰ ਅਧਿਕ ਪ੍ਰਧਾਨਤਾ ਦਿੱਤੀ ਜਾਂਦੀ ਹੈ। ਗੁਰਮਤਿ ਸੰਗੀਤ ਪ੍ਰੰਪਰਾ ਦੇ ਅਨੁਸਾਰ ਕੀਰਤਨ ਗਾਇਨ ਕਰਦੇ ਹੋਏ ਗੁਰਮਤਿ ਸੰਗੀਤ ਦੇ ਮੂਲ ਸਿਧਾਂਤਾਂ ਦਾ ਪਾਲਣ ਕਰਨਾ ਵੀ ਜ਼ਰੂਰੀ ਹੈ। ਕੀਰਤਨ ਦੀ ਇਸ ਪ੍ਰੰਪਰਾ ਨੂੰ ਕੀਰਤਨ ਚੌਂਕੀ ਵੀ ਕਿਹਾ ਜਾਂਦਾ ਹੈ। ਕੀਰਤਨ ਦੇ ਮਹੱਤਵ ਨੂੰ ਦਰਸਾ ਕੇ ਵਿਹਾਰਿਕ ਰੂਪ ਵਿੱਚ ਕੀਤੀ ਗਈ ਪੇਸ਼ਕਾਰੀ ਨੂੰ ਕੀਰਤਨ ਚੌਂਕੀ ਕਿਹਾ ਜਾਂਦਾ ਹੈ। ਕੀਰਤਨ ਚੌਂਕੀ ਤੋਂ ਭਾਵ ''ਚਾਰ ਰਾਗੀਆਂ ਦੀ ਮੰਡਲੀ'' ''ਗਾਵਤ ਚਉਕੀ ਸ਼ਬਦ ਪ੍ਰਕਾਸ'' ਭਜਨ ਮੰਡਲੀ ਜੋ ਪ੍ਰਕਿਰਮਾ ਕਰਦੀ ਹੋਈ ਸ਼ਬਦ ਗਾਵੇ, ਉਸ ਵਾਸਤੇ ਵੀ ਚਉਕੀ/ਚੌਂਕੀ ਸ਼ਬਦ ਵਰਤਿਆ ਗਿਆ ਹੈ।

ਭਾਈ ਵੀਰ ਸਿੰਘ ਜੀ ਅਨੁਸਾਰ ''ਗੁਰਮਤਿ ਸੰਗੀਤ ਵਿੱਚ ਕੀਰਤਨੀ ਜੱਥੇ ਨੂੰ ਚੌਕੀ ਕਹਿੰਦੇ ਹਨ, ਚੌਕੀ ਘੱਟ ਤੋਂ ਘੱਟ ਚੋਹਾਂ ਦੀ ਵਿਦਮਾਨ ਹੈ ਜੇਹਾ ਕਿ ਇਕ ਮਹੰਤ, ਦੋ ਸਾਥੀ ਸੁਰ ਰਚਾਉਣ ਵਾਲੇ, ਇਕ ਜੋੜੀ ਵਾਲਾ (ਪਖਾਉਜੀ), ਇਸ ਤੋਂ ਘੱਟ ਨਹੀਂ ਵਧੀਕ ਭਾਵੇਂ ਕਿਤਨੇ ਸਰੀਰ ਹੋਣ ਚੌਕੀ ਵਿਚ ਗਾਉਂ ਸਕਦੇ ਹਨ ਜੇਹਾ ਕੁ ਵਾਰ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਵਿਦਮਾਨ ਹੈ।'' ਸਿੱਖ ਧਰਮ ਵਿੱਚ ਚੌਂਕੀ ਸ਼ਬਦ ਨੂੰ ਪ੍ਰਯੋਗ ਕਰਕੇ ਵੱਖ-ਵੱਖ ਸਮੇਂ ਦੇ ਰਾਗਾਂ ਅਤੇ ਬਾਣੀ ਅਨੁਸਾਰ ਵੱਖ-ਵੱਖ ਨਾਮ ਰੱਖੇ ਗਏ ਹਨ। ਜਿਵੇਂ ਕਿ ਆਸਾ ਦੀ ਵਾਰ ਦੀ ਚੌਂਕੀ, ਸੋਦਰੁ ਦੀ ਚੌਂਕੀ, ਬਿਲਾਵਲ ਦੀ ਚੌਂਕੀ ਆਦਿ। ਆਮ ਭਾਸ਼ਾ ਵਿੱਚ ਇਸ ਨੂੰ ਕੀਰਤਨ ਚੌਂਕੀ, ਸ਼ਬਦ ਕੀਰਤਨ ਚੌਂਕੀ ਜਾਂ ਸ਼ਬਦ ਚੌਂਕੀ ਵੀ ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਅਨੁਸਾਰ ਕੀਰਤਨ ਚੌਂਕੀ ਦੇ ਚਾਰ ਅੰਗ ਜਾਂ ਤੱਤ ਮੰਨੇ ਗਏ ਹਨ। (1) ਸ਼ਾਨ ਜਾਂ ਲਹਿਰਾ (2) ਮੰਗਲਾਚਰਨ, (3) ਸ਼ਬਦ ਗਾਇਨ, (4) ਪਉੜੀ ਗਾਇਨ।

1. **ਸ਼ਾਨ-** ਕੀਰਤਨ ਦਾ ਰਾਗਾਤਮਕ ਮਾਹੌਲ ਸਿਰਜਣ ਹਿਤ ਸਾਜ਼ਾਂ ਦੇ ਪ੍ਰਦਰਸ਼ਨ ਨੂੰ ਸ਼ਾਨ ਕਿਹਾ ਜਾਂਦਾ ਹੈ। ਇਸ ਵਿੱਚ ਹਰਮੋਨੀਅਮ ਜਾਂ ਕਿਸੇ ਤੰਤੀ ਸਾਜ਼ (ਜਿਵੇਂ- ਦਿਲਰੁਬਾ, ਤਾਉਸ, ਰਬਾਬ ਆਦਿ) ਤੇ ਧੁਨ ਵਜਾਈ ਜਾਂਦੀ ਹੈ ਜਿਸ ਨੂੰ ਨਗਮਾ ਕਿਹਾ ਜਾਂਦਾ ਹੈ। ਇਸ ਨਾਲ ਹੀ ਤਬਲਾ ਵਾਦਕ ਤਾਲ ਦੀਆਂ ਵੱਖ-ਵੱਖ ਲੈਅਕਾਰੀਆਂ ਦਾ ਪ੍ਰਦਰਸ਼ਨ ਕਰਦਾ ਹੋਇਆ ਅੰਤ ਵਿੱਚ ਤਿਹਾਈ ਦੇ ਕੇ ਸਮਾਪਤੀ ਕਰਦਾ ਹੈ। ਜਿਸ ਤੋਂ ਬਾਅਦ ਰਾਗੀ ਮੰਗਲਾਚਰਨ ਸ਼ੁਰੂ ਕਰਦਾ ਹੈ।
2. **ਮੰਗਲਾਚਰਨ-** ਸ਼ਾਨ ਦਾ ਪ੍ਰਦਰਸ਼ਨ ਕਰਨ ਤੋਂ ਬਾਅਦ ਰਾਗੀ ਕੀਰਤਨ ਆਰੰਭ ਕਰਨ ਵੇਲੇ ਸਭ ਤੋਂ ਪਹਿਲਾਂ

ਬੰਦਨਾ ਜਾਂ ਪ੍ਰਾਰਥਨਾ ਰੂਪ ਵਿੱਚ ਕਿਸੇ ਸਲੋਕ ਜਾਂ ਗੁਰਬਾਣੀ ਦੀਆਂ ਤੁਕਾਂ ਦਾ ਅਲਾਪ ਗਾਇਨ ਵਿਲੰਬਿਤ ਲੈਅ ਅਨੁਸਾਰ ਕਰਦਾ ਹੈ। ਇਹ ਰਚਨਾ ਤਾਲ ਬੱਧ ਵੀ ਹੋ ਸਕਦੀ ਹੈ ਤੇ ਤਾਲ ਰਹਿਤ ਵੀ। ਇਸ ਵਿੱਚ ਅਜਿਹੇ ਰਾਗ ਜਾਂ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ਜਿਸ ਅਨੁਸਾਰ ਸ਼ਾਨ ਵਜਾਈ ਗਈ ਹੋਵੇ ਅਤੇ ਕੀਰਤਨ ਕਰਨਾ ਹੁੰਦਾ ਹੈ।

3. **ਸ਼ਬਦ ਗਾਇਨ–** ਮੰਗਲਾਚਰਨ ਦਾ ਗਾਇਨ ਕਰਨ ਤੋਂ ਬਾਅਦ ਮੁੱਖ ਸ਼ਬਦ ਦਾ ਗਾਇਨ ਨਿਰਧਾਰਿਤ ਰਾਗ ਦੇ ਅਨੁਸਾਰ ਕੀਤਾ ਜਾਂਦਾ ਹੈ ਰਾਗਾਂ ਦੇ ਵੱਖ-ਵੱਖ ਸਮੇਂ ਅਨੁਸਾਰ ਨਿਰਧਾਰਿਤ ਰਾਗ ਵਿੱਚ ਸ਼ਬਦ ਗਾਇਨ ਕੀਤਾ ਜਾਂਦਾ ਹੈ। ਜਿਵੇਂ ਕਿ ਬਿਲਾਵਲ, ਆਸਾ ਟੋਡੀ, ਗੂਜਰੀ, ਆਸਾਵਰੀ ਆਦਿ (ਸਵੇਰੇ),ਸਾਰੰਗ, ਸੂਹੀ, ਵਡਹੰਸ ਆਦਿ (ਦੁਪਹਿਰ) ਅਤੇ ਧਨਾਸਰੀ, ਤੁਖਾਰੀ, ਸ੍ਰੀ, ਕਲਿਆਣ, ਜੈਤਸਰੀ, ਕਾਨੜਾ ਆਦਿ (ਸ਼ਾਮ ਤੇ ਰਾਤ)

4. **ਪਉੜੀ ਗਾਇਨ–** ਕੀਰਤਨ ਚੌਂਕੀ ਦੇ ਚਾਰ ਚਰਨਾਂ ਵਿੱਚੋ ਸਭ ਤੋਂ ਅਖੀਰਲਾ ਚਰਨ ਹੈ ਪਉੜੀ ਗਾਇਨ ਕਰਨਾ। ਸ਼ਬਦ ਗਾਇਨ ਪ੍ਰੰਪਰਾ ਅਨੁਸਾਰ ਸ਼ਾਸਤਰੀ ਅੰਗ ਦੇ ਸ਼ਬਦ ਗਾਇਨ ਤੋਂ ਬਾਅਦ ਲੋਕ ਅੰਗ ਦੀ ਗਾਇਨ ਸ਼ੈਲੀ ਵਿੱਚ ਕੀਰਤਨ ਕੀਤਾ ਜਾਂਦਾ ਹੈ। ਜਿਵੇਂ ਕਿ ਪਉੜੀ ਲੋਕ ਅੰਗ ਦਾ ਗਾਇਨ ਹੈ। ਪਉੜੀ ਦਾ ਗਾਇਨ ਪਉੜੀ ਠੇਕਾ ਤਾਲ ਵਿੱਚ ਕੀਤਾ ਜਾਂਦਾ ਹੈ। ਇੱਥੇ ਹੀ ਸੰਪੂਰਨ ਕੀਰਤਨ ਚੌਂਕੀ ਦੀ ਸਮਾਪਤੀ ਕੀਤੀ ਜਾਂਦੀ ਹੈ।

**ਗੁਰਬਾਣੀ ਵਿੱਚ ਮੌਜੂਦ ਚੋਣਵੇਂ ਵਿਸ਼ੇ**

ਸਿੱਖੀ ਜੀਵਨ ਵਿੱਚ ਸ਼ਬਦ ਕੀਰਤਨ ਆਪਣਾ ਮਹੱਤਵਪੂਰਨ ਸਥਾਨ ਰੱਖਦਾ ਹੈ ਕਿਉਂਕਿ ਸਿੱਖ ਦਾ ਜੀਵਨ ਜਨਮ ਤੋਂ ਲੈਕੇ ਮੌਤ ਤੱਕ ਗੁਰਬਾਣੀ ਨਾਲ ਜੁੜਿਆ ਰਹਿੰਦਾ ਹੈ। ਵਿਹਾਰਿਕ ਜੀਵਨ ਵਿੱਚ ਵਿਚਰਦਾ ਹੋਇਆ ਸਿੱਖ ਹਰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਪਰਮਾਤਮਾ ਕੋਲ ਅਰਜ਼ੋਈ ਕਰਦਾ ਹੈ। ਗੁਰਬਾਣੀ ਨੂੰ ਸਾਧਾਰਨ ਕਵਿਤਾ ਵਾਂਗ ਪੜ੍ਹਨ ਦੀ ਬਜਾਏ ਗਾਉਣ ਦਾ ਆਦੇਸ਼ ਹੈ–

ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਜੀਵਨ ਦੇ ਹਰ ਪੱਖ ਤੇ ਵਿਚਾਰ ਕਰਦਿਆਂ ਵੱਖ-ਵੱਖ ਵਿਸ਼ੇ ਲਏ ਗਏ ਹਨ। ਜਿਵੇਂ:-

| | | |
|---|---|---|
| ਪ੍ਰੇਮ ਭਾਵਨਾ: | ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ | (ਅੰਗ 1412) |
| ਨਾਸ਼ਮਾਨਤਾ: | ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨਾ ਬਾਰ॥ | (ਅੰਗ 633) |
| ਗੁਰੂ: | ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥ | (ਅੰਗ 1399) |
| ਸਤਿਸੰਗਤ: | ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥ | (ਅੰਗ 72) |
| ਭਉ: | ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ॥ | (ਅੰਗ 45) |
| ਰਜਾ: | ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ॥ | (ਅੰਗ 37) |
| ਸੇਵਾ: | ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ॥ | (ਅੰਗ 552) |

ਇਨਸਾਨ ਜੀਵਨ ਦੇ ਹਰ ਪੱਖ ਤੇ ਗੁਰਬਾਣੀ ਦਾ ਸਹਾਰਾ ਲੈਂਦਾ ਹੈ। ਉਸ ਦੇ ਜੀਵਨ ਦੀ ਹਰ ਇੱਕ ਰੀਤੀ ਕੀਰਤਨ ਦੀ ਪ੍ਰੰਪਰਾ ਤੇ ਅਰਦਾਸ ਨਾਲ ਸੰਪੂਰਨ ਹੁੰਦੀ ਹੈ।

**ਸਿੱਖੀ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ ਸ਼ਬਦ-ਕੀਰਤਨ ਦੀ ਮਹੱਤਤਾ**

ਸਿੱਖੀ ਜੀਵਨ ਜਿਉਂਦੇ ਹੋਏ ਸਿੱਖ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚੋਂ ਗੁਜ਼ਰਦਾ ਹੈ ਜਿਵੇਂ-ਜਨਮ, ਬਚਪਨ,ਜਵਾਨੀ ਤੇ ਅੰਤ ਬੁਢਾਪਾ। ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚ ਕੀਰਤਨ ਦਾ ਅਪਣਾ ਵਿਸ਼ੇਸ਼ ਮਹੱਤਵ ਹੈ । ਇੰਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:-

**ਜਨਮ ਨਾਲ ਸੰਬੰਧਿਤ ਕੀਰਤਨ ਪ੍ਰੰਪਰਾ**

ਜਦੋਂ ਵੀ ਸਿੱਖ ਦੇ ਘਰ ਨਵੇਂ ਬੱਚੇ ਦਾ ਜਨਮ ਹੁੰਦਾ ਹੈ ਤਾਂ ਸਿੱਖ ਰਹਿਤ ਮਰਯਾਦਾ ਅਨੁਸਾਰ ਜਨਮ ਸੰਸਕਾਰ ਵੇਲੇ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਘਰ ਵਿੱਚ ਸਹੀ ਸਮਾਂ ਦੇਖ ਕੇ ਗੁਰ ਸੰਗਤ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਕੇ ਸ਼ਬਦ ਕੀਰਤਨ ਵਿੱਚ ਜੁੜਿਆ ਜਾਂਦਾ ਹੈ। ਇਸ ਸਮੇਂ ਪਰਮਾਤਮਾ ਦਾ ਧੰਨਵਾਦ ਕਰਨ ਲਈ ਅਤੇ ਜਨਮ ਨਾਲ ਸੰਬੰਧਿਤ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਹੈ। ਜਿਵੇਂ ਕਿ:

ਪੂਤਾ ਮਾਤਾ ਕੀ ਆਸੀਸ॥ ਨਿਮਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ॥ (ਅੰਗ 496)
ਗੁਝੀ ਛੰਨੀ ਨਾਹੀ ਬਾਤ॥ ਗੁਰੁ ਨਾਨਕੁ ਤੁਠਾ ਕੀਨੀ ਦਾਤਿ॥ (ਅੰਗ 396)

## ਅਨੰਦ ਕਾਰਜ ਸਮੇਂ ਦੀ ਕੀਰਤਨ ਪ੍ਰੰਪਰਾ

ਅਨੰਦ ਸੰਸਕਾਰ ਸਮੇਂ ਪਹਿਲਾਂ ਕੁੜਮਾਈ ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਵੇਲੇ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਕੁੜਮਾਈ ਦੀ ਰਸਮ ਕਰਦੇ ਹਨ। ਇਸ ਵਿੱਚ ਅਨੰਦ ਮੰਗਲ/ ਪ੍ਰਿਅ ਦੀ ਪ੍ਰੀਤ/ ਵਰ ਘਰ ਆਦਿ ਪ੍ਰਕਰਣ ਦੇ ਸ਼ਬਦ ਗਾਇਨ ਕੀਤੇ ਜਾਂਦੇ ਹਨ। ਜਿਵੇਂ ਕਿ-

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥ (ਅੰਗ 773)

ਕੁੜਮਾਈ ਦੀ ਰਸਮ ਹੋਣ ਤੋਂ ਬਾਅਦ ਅਨੰਦ ਕਾਰਜ ਵਾਲੇ ਦਿਨ ਮਿਲਣੀ ਦੀ ਰਸਮ ਕੀਤੀ ਜਾਂਦੀ ਹੈ। ਉਸ ਸਮੇਂ ਵੀ ਕੀਰਤਨ ਪ੍ਰੰਪਰਾ ਨਿਭਾਈ ਜਾਂਦੀ ਹੈ। ਇਸ ਸਮੇਂ ਲੜਕੀ ਦੇ ਪਰਿਵਾਰ ਵਲੋਂ ਲੜਕੀ ਨੂੰ ਵਿਆਹੁਣ ਲਈ ਬਰਾਤ ਰੂਪ ਵਿੱਚ ਆਈ ਸੰਗਤ ਦੇ ਸਵਾਗਤ ਵਜੋਂ ਪਰਿਵਾਰਾਂ ਦੀ ਮਿਲਣੀ ਵੇਲੇ ਖੜੇ ਹੋ ਕੇ, ਹੱਥ ਜੋੜ ਕੇ ਸਾਜ਼ਾਂ ਨਾਲ ਜਾਂ ਬਿਨ੍ਹਾਂ ਸਾਜ਼ਾਂ ਤੋਂ ਵੀ '' ਹਮ ਘਰਿ ਸਾਜਨ ਆਏ ਸਾਚੈ ਮੇਲਿ ਮਿਲਾਏ ॥ '' ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਇਸ ਤੋਂ ਉਪਰੰਤ ਅਰਦਾਸ ਕੀਤੀ ਜਾਂਦੀ ਹੈ।

ਮਿਲਣੀ ਦੀ ਰਸਮ ਹੋਣ ਤੋਂ ਬਾਅਦ ਅਨੰਦ ਕਾਰਜ ਸਮੇਂ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਦੀਵਾਨ ਸਜਾਇਆ ਜਾਂਦਾ ਹੈ ਜਿੱਥੇ ਸੰਗਤ ਵਿੱਚ ਰਾਗੀ ਜੱਥੇ ਵਲੋਂ ਅਨੰਦ ਮੰਗਲ ਪ੍ਰਕਰਣ ਵਾਲੇ ਖੁਸ਼ੀ ਦੇ ਸ਼ਬਦ ਗਾਇਨ ਕੀਤੇ ਜਾਂਦੇ ਹਨ। ਜਿਵੇਂ:-

ਆਵਹੁ ਸਜਣਾ ਹਉ ਦੇਖਾ ਦਰਸਨ ਤੇਰਾ ਰਾਮ (ਅੰਗ 764)

ਹਰਿ ਪ੍ਰਭ ਕਾਜ ਰਚਾਇਆ ਗੁਰਮੁਖ ਵਿਆਹੁਣ ਆਇਆ ॥ (ਅੰਗ 775)

ਇਨ੍ਹਾਂ ਸ਼ਬਦਾਂ ਨਾਲ ਸ਼ੁਰੂਆਤ ਕਰਕੇ ਪੱਲੇ ਦੀ ਰਸਮ ਸ਼ੁਰੂ ਕਰਨ ਤੋਂ ਪਹਿਲਾਂ ਅਰਦਾਸ ਵਜੋਂ ਪਉੜੀ ਦਾ ਗਾਇਨ ਕੀਤਾ ਜਾਂਦਾ ਹੈ:

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ (ਅੰਗ 91)

ਇਸ ਪਉੜੀ ਦੇ ਗਾਇਨ ਤੋਂ ਬਾਅਦ ਪੱਲੇ ਦੀ ਰਸਮ ਵੇਲੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਣ ਕੀਤੇ ਸਲੋਕ ਦਾ ਗਾਇਨ ਕੀਤਾ ਜਾਂਦਾ ਹੈ-

ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ ॥ (ਅੰਗ 963)

ਇਸ ਤੋਂ ਬਾਅਦ ਗੁਰਮਤਿ ਰੀਤਿ ਅਨੁਸਾਰ ਅਨੰਦ ਕਾਰਜ ਦੀ ਰਸਮ ਪੂਰੀ ਕਰਨ ਵੇਲੇ ਗੁਰੂ ਰਾਮਦਾਸ ਜੀ ਵਲੋਂ ਉਚਾਰੇ ਚਾਰ ਛੰਤਾਂ ਦਾ ਪਾਠ ਅਤੇ ਗਾਇਨ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਆਮ ਭਾਸ਼ਾ ਵਿੱਚ ਲਾਵਾਂ ਕਿਹਾ ਜਾਂਦਾ ਹੈ ਪਰ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਾਵਾਂ ਸਿਰਲੇਖ ਅਧੀਨ ਦਰਜ ਨਹੀਂ ਹੈ। ਗੁਰਮਤਿ ਪ੍ਰੰਪਰਾ ਦੇ ਅਨੁਸਾਰ ਅਨੰਦ ਕਾਰਜ ਦੀ ਰਸਮ ਵੇਲੇ ਪਹਿਲਾਂ ਪਹਿਲੀ ਲਾਵ ਦਾ ਪਾਠ ਕੀਤਾ ਜਾਂਦਾ ਹੈ ਤੇ ਫਿਰ ਇਸ ਦੇ ਗਾਇਨ ਵੇਲੇ ਵਿਆਹ ਵਾਲੀ ਜੋੜੀ ਗੁਰੂ ਸਾਹਿਬ ਦੀ ਪਰਕਰਮਾ ਕਰਦੀ ਹੈ। ਇਸ ਤਰ੍ਹਾਂ ਚਾਰ ਲਾਵਾਂ ਦਾ ਪਾਠ ਅਤੇ ਕੀਰਤਨ ਦੁਆਰਾ ਵਿਆਹ ਵਾਲੀ ਜੋੜੀ ਵਲੋਂ ਗੁਰੂ ਸਾਹਿਬ ਦੀਆਂ ਚਾਰ ਪਰਕਰਮਾ ਕਰਕੇ ਇਹ ਰਸਮ ਸੰਪੂਰਨ ਹੁੰਦੀ ਹੈ। ਇਸ ਉਪਰੰਤ ਪਰਮਾਤਮਾ ਦੇ ਸ਼ੁਕਰਾਨੇ ਵਜੋਂ ਸ਼ਬਦ ਗਾਇਨ ਕੀਤਾ ਜਾਂਦਾ ਹੈ। ਜਿਵੇਂ ਕਿ-

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ (ਅੰਗ 78)
ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥ (ਅੰਗ 482)
ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ (ਅੰਗ 577)

ਅਜਿਹੇ ਸ਼ਬਦਾਂ ਦੇ ਗਾਇਨ ਤੋਂ ਬਾਅਦ ਅਨੰਦ ਸਾਹਿਬ ਦਾ ਕੀਰਤਨ ਅਤੇ ਉਪਰੰਤ ਅਰਦਾਸ ਕੀਤੀ ਜਾਂਦੀ ਹੈ। ਇਸ ਤਰ੍ਹਾਂ ਅਨੰਦ ਕਾਰਜ ਦੀ ਇਹ ਰਸਮ ਗੁਰਮਤਿ ਦੀ ਮਰਯਾਦਾ ਦੇ ਅਨੁਸਾਰ ਸੰਪੂਰਨ ਹੁੰਦੀ ਹੈ।

## ਅਕਾਲ ਚਲਾਣੇ ਦੀ ਕੀਰਤਨ ਪ੍ਰੰਪਰਾ

ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ ਜਾਂ ਵੱਡਾ ਉਸ ਦੇ ਅਕਾਲ ਚਲਾਣੇ ਤੋਂ ਬਾਅਦ ਉਸ ਦਾ ਸੰਸਕਾਰ ਕੀਤਾ ਜਾਂਦਾ ਹੈ। ਗੁਰ ਆਦੇਸ਼ ਅਨੁਸਾਰ ਅੰਤਿਮ ਰਸਮਾਂ ਸ਼ਬਦ ਕੀਰਤਨ ਰਾਹੀਂ ਸੰਪੂਰਨ ਕੀਤੀਆਂ ਜਾਂਦੀਆਂ ਹਨ। ਸ਼ਮਸ਼ਾਨ ਭੂਮੀ ਵਲ ਲੈ ਕੇ ਜਾਂਦੇ ਸਮੇਂ ਰੋਣ ਦੀ ਬਜਾਏ ਸਿੱਖ ਧਰਮ ਦੀ ਰਹਿਤ ਮਰਯਾਦਾ ਅਨੁਸਾਰ ਵੈਰਾਗਮਈ ਸ਼ਬਦਾਂ ਦਾ ਗਾਇਨ

ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਘਰ ਆ ਕੇ ਜਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰੱਖਿਆ ਜਾਂਦਾ ਹੈ। ਗੁਰੂ ਸਾਹਿਬ ਨੇ ਅਲਾਹੁਣੀ ਦੀ ਰੀਤ ਅਪਣਾਉਂਦੇ ਹੋਏ ਮੌਤ ਨੂੰ ਅਟੱਲ ਸਚਾਈ ਬਿਆਨਦਿਆਂ ਜੀਵ ਨੂੰ ਜੀਵਨ ਦੌਰਾਨ ਉਤਮ ਕਰਮ ਕਰਨ, ਮੌਤ ਨੂੰ ਯਾਦ ਰੱਖਣ ਅਤੇ ਪ੍ਰਭੂ ਨਾਮ ਸਿਮਰਨ ਦੀ ਸਿੱਖਿਆ ਦਿੱਤੀ ਹੈ। ਇਸ ਲਈ ਭੋਗ ਵੇਲੇ ਗੁਰਮਤਿ ਸੰਗੀਤ ਪ੍ਰੰਪਰਾ ਅਨੁਸਾਰ ਅਲਾਹਣੀਆਂ ਦਾ ਕੀਰਤਨ ਅਤੇ ਅਕਾਲ ਚਲਾਣੇ ਦੀ ਕੀਰਤਨ ਚੌਂਕੀ ਸੰਬੰਧਿਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਜਿਵੇਂ-

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥ (ਅੰਗ 1429)
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ (ਅੰਗ 659)
ਜੋ ਦਿਨ ਆਵਹਿ ਸੋ ਦਿਨ ਜਾਹੀ ॥ (ਅੰਗ 793)
ਰਾਮੁ ਸਿਮਰੁ ਪਛੁਤਾਹਿਗਾ ਮਨ ॥ (ਅੰਗ 1106)

## ਖੁਸ਼ੀ-ਗ਼ਮੀ ਦੇ ਮੌਕੇ ਦੀ ਕੀਰਤਨ ਪ੍ਰੰਪਰਾ

ਸਿੱਖ ਧਰਮ ਦੀਆਂ ਹੋਰ ਸਮਾਜਿਕ ਰੀਤੀਆਂ ਜੋ ਵੀ ਖੁਸ਼ੀ ਜਾਂ ਗ਼ਮੀ ਦੇ ਮੌਕੇ ਨਾਲ ਸੰਬੰਧਿਤ ਹੁੰਦੀਆਂ ਹਨ, ਉਸ ਸਮੇਂ ਵੀ ਸ਼ਬਦ ਕੀਰਤਨ ਦੀ ਪ੍ਰੰਪਰਾ ਪੂਰਨ ਤੌਰ 'ਤੇ ਨਿਭਾਈ ਜਾਂਦੀ ਹੈ। ਜਿਵੇਂ ਕਿ ਕੋਈ ਨਵਾਂ ਕੰਮ-ਕਾਰ ਸ਼ੁਰੂ ਕਰਨਾ, ਨਵੇਂ ਘਰ ਵਿੱਚ ਪਰਵੇਸ਼ ਕਰਨਾ, ਜਨਮ ਦਿਨ ਮਨਾਉਣਾ, ਬਰਸੀ ਮਨਾਉਣਾ, ਘਰ ਵਿੱਚ ਸੁੱਖ-ਸ਼ਾਂਤੀ ਲਈ ਪਾਠ ਅਤੇ ਕੀਰਤਨ ਕਰਵਾਉਣਾ, ਹਫਤਾਵਾਰੀ ਸਮਾਗਮ ਕਰਵਾਉਣਾ ਆਦਿ। ਇਸ ਸਮੇਂ ਸੰਬੰਧਤ ਮੌਕੇ ਦੇ ਪ੍ਰਕਰਣਾ ਵਾਲੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਜਿਵੇਂ ਕਿ-

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥ (ਅੰਗ 44)
ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥ (ਅੰਗ 745)
ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ (ਅੰਗ 682)
ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ (ਅੰਗ 95)

## ਗੁਰਦੁਆਰਿਆਂ ਦੀ ਕੀਰਤਨ ਪ੍ਰੰਪਰਾ

ਧਰਮਸਾਲਾ ਅਥਵਾ ਗੁਰਦੁਆਰਾ ਇੱਕ ਅਜਿਹਾ ਸਿੱਖਣ ਸਥਾਨ () ਹੈ, ਜਿੱਥੇ ਗੁਰੂ ਨਾਨਕ ਦੇ ਦਰਸਾਏ ਧਰਮ ਨੂੰ ਕਮਾਉਣ ਦੀ ਜਾਚ ਸਿਖਾਈ ਜਾਂਦੀ ਹੈ। ਸਿੱਖ ਇੱਥੇ ਹੋਰ ਭਾਈਆਂ ਨਾਲ ਮਿਲਕੇ ਸ਼ਬਦ ਸੁਰਤਿ ਦੀ ਸਾਂਝ ਪਾਉਂਦਾ ਹੈ। ਇਸ ਕਰਕੇ ਸਿੱਖੀ ਜੀਵਨ ਵਿੱਚ ਗੁਰਦੁਅਰਿਆਂ ਦੀ ਬਹੁਤ ਮਹੱਤਤਾ ਹੈ। ਗੁਰਬਾਣੀ ਵਿੱਚ ਵੀ ਫੁਰਮਾਨ ਹੈ-

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ (ਅੰਗ 730)

ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਸਮਾਗਮਾਂ ਨਾਲ ਸੰਬੰਧਿਤ ਕੀਰਤਨ ਪ੍ਰੰਪਰਾ ਨੂੰ ਚੌਂਕੀ ਪ੍ਰੰਪਰਾ ਨਾਲ ਜੋੜ ਦਿੱਤਾ। ਬਾਅਦ ਵਿੱਚ ਕੀਰਤਨ ਚੌਂਕੀਆਂ ਦਾ ਸੰਬੰਧ ਵਿਭਿੰਨ ਪ੍ਰਕਾਰ ਦੇ ਖੁਸ਼ੀ ਜਾਂ ਗ਼ਮੀ ਦੇ ਅਵਸਰਾਂ ਨਾਲ ਵੀ ਜੁੜਿਆ। ਗੁਰਦੁਆਰਿਆਂ ਦੀ ਆਪਣੀ-ਆਪਣੀ ਕੀਰਤਨ ਪ੍ਰੰਪਰਾ ਹੁੰਦੀ ਹੈ। ਇਨ੍ਹਾਂ ਵਿੱਚ ਆਮ ਕਰਕੇ ਆਸਾ ਦੀ ਵਾਰ ਦੀ ਕੀਰਤਨ ਚੌਂਕੀ, ਬਿਲਾਵਲ ਦੀ ਚੌਂਕੀ, ਸੋਦਰੁ ਦੀ ਚੌਂਕੀ , ਆਰਤੀ ਦੀ ਚੌਂਕੀ ਆਦਿ ਕੀਤੀਆਂ ਜਾਂਦੀਆਂ ਹਨ। ਸੁਵਿਧਾ ਅਨੁਸਾਰ ਵੱਧ-ਘੱਟ ਵੀ ਹੋ ਸਕਦੀਆਂ ਹਨ। ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਇਨ੍ਹਾਂ ਤੋਂ ਇਲਾਵਾ ਹੋਰ ਵੀ ਕਾਈ ਕੀਰਤਨ ਚੌਂਕੀਆਂ ਦੀ ਮਰਯਾਦਾ ਹੈ। ਗੁਰਦੁਆਰਿਆਂ ਵਿੱਚ ਖੁਸ਼ੀ ਜਾਂ ਗ਼ਮੀ ਦੇ ਸਮੇਂ ਨਾਲ ਸੰਬੰਧਿਤ, ਇਤਿਹਾਸਕ ਤਿਉਹਾਰਾਂ ਨਾਲ ਸੰਬੰਧਿਤ, ਗੁਰਪੁਰਬ ਨਾਲ ਸੰਬੰਧਿਤ, ਧਾਰਮਿਕ ਸ਼ਤਾਬਦੀਆਂ ਨਾਲ ਸੰਬੰਧਿਤ ਕਈ ਸਮਾਗਮ ਕਰਵਾਇ ਜਾਂਦੇ ਹਨ ਜਿਨ੍ਹਾਂ ਵਿੱਚ ਸੰਗਤ ਵਧ-ਚੜ੍ਹ ਕੇ ਹਿੱਸਾ ਲੈਂਦੀ ਹੈ ਤੇ ਆਪਣਾ ਜਨਮ ਸਫਲਾ ਕਰਦੀ ਹੈ। ਹਰ ਮਹੀਨੇ ਦੀ ਸੰਗਰਾਂਦ ਨੂੰ ਬਾਰਾਮਾਹ ਦੀ ਬਾਣੀ ਵਿੱਚੋਂ ਮਹੀਨੇ ਨਾਲ ਸੰਬੰਧਿਤ ਸ਼ਬਦ ਦਾ ਕੀਰਤਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਰਾਗੀ ਮੌਕੇ ਮੁਤਾਬਿਕ ਰੁੱਤਾਂ ਨਾਲ ਸੰਬੰਧਿਤ ਰਾਗਾਂ ਵਿੱਚ ਕੀਰਤਨ ਦਾ ਗਾਇਨ ਕਰਦੇ ਹਨ। ਜਿਵੇਂ ਕਿ ਬਸੰਤ ਰਾਗ ਦਾ ਗੁਰਬਾਣੀ ਵਿੱਚ ਵਿਸ਼ੇਸ਼ ਸਥਾਨ ਹੈ। ਇਸ ਰਾਗ ਵਿੱਚ ਕੀਰਤਨ ਕਰਨ ਦੀ ਪ੍ਰੰਪਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਵਿਸ਼ੇਸ਼ ਤੌਰ 'ਤੇ ਨਿਭਾਈ ਜਾਂਦੀ ਹੈ। ਜਿਸ ਅਧੀਨ ਲੋਹੜੀ ਦੀ ਰਾਤ ਨੂੰ 'ਬਸੰਤ ਖੋਲ੍ਹਣ ਦੀ ਮਰਯਾਦਾ' ਹੁੰਦੀ ਹੈ। ਇਸ ਦਿਨ ਤੋਂ ਹਰ ਕੀਰਤਨ ਚੌਂਕੀ ਦੀ ਸ਼ੁਰੂਆਤ ਬਸੰਤ ਰਾਗ ਦੇ ਸ਼ਬਦ ਤੋਂ ਕੀਤੀ ਜਾਂਦੀ ਹੈ। ਇਹ ਪ੍ਰਥਾ ਹੋਲੇ ਮਹੱਲੇ ਤੱਕ ਚੱਲਦੀ ਹੈ।

## ਸਿੱਟਾ

ਸਿੱਖੀ ਜੀਵਨ ਦੇ ਹਰ ਅਵਸਰ ਨੂੰ ਕੀਰਤਨ ਦੁਆਰਾ ਸੁਸੱਜਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕੀਰਤਨ ਸਿੱਖਾਂ ਦੇ ਜੀਵਨ ਦੇ ਅਨਿੱਖੜਵੇਂ ਅੰਗ ਵਜੋਂ ਕਾਰਜਸ਼ੀਲ ਹੈ। ਸ਼ਬਦ ਅਤੇ ਸੰਗੀਤ ਦੀ ਨਿਸ਼ਚਿਤ ਮਰਯਾਦਾ ਦੀ ਉਲੰਘਣਾ ਸਿੱਖ ਧਰਮ ਵਿੱਚ ਅਪ੍ਰਵਾਨ ਹੈ। ਸਿੱਖਾਂ ਦੀ ਓਟ ਸਿਰਫ ਇੱਕ ਅਕਾਲ ਪੁਰਖ ਉੱਤੇ ਹੀ ਹੈ। ਇਸ ਲਈ ਜਨਮ ਤੋਂ ਲੈ ਕੇ ਮੌਤ ਤੱਕ ਪਰਮਾਤਮਾ ਨੂੰ ਯਾਦ ਕਰਨਾ, ਕੀਰਤੀ ਕਰਨਾ ਜਾਂ ਉਸਤਤੀ ਕਰਨਾ, ਸ਼ਬਦ ਕੀਰਤਨ ਕਰਨਾ ਸਿੱਖੀ ਜੀਵਨ ਦਾ ਮਹੱਤਵਪੂਰਨ ਕਾਰਜ ਹੈ।

## ਸੰਦਰਭ ਸ੍ਰੋਤ ਸੂਚੀ


ਸੰਤੋਖ ਸਿੰਘ, (ਭਾਈ), ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਭਾਈ ਵੀਰ ਸਿੰਘ (ਸੰਪਾ.), ਜਿਲਦ ਛੇਵੀਂ, ਭਾਸ਼ਾ ਵਿਭਾਗ ਪੰਜਾਬ, 2011

ਗੁਰਨਾਮ ਸਿੰਘ, (ਡਾ.), ਗੁਰਮਤਿ ਸੰਗੀਤ: ਪਰਬੰਧ ਤੇ ਪਾਸਾਰ, ਐਡੀਸ਼ਨ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012

ਗੁਲਸ਼ਨ, ਗੁਰਬਖ਼ਸ਼ ਸਿੰਘ, ਦਰਪਣ ਸਿੱਖ ਰਹਿਤ ਮਰਯਾਦਾ, ਐਡੀਸ਼ਨ-ਪੰਜਵੀਂ, ਖ਼ਾਲਸਾ ਪ੍ਰਚਾਰਕ ਜਥਾ, ਯੂ.ਕੇ, 2016

ਜਸਬੀਰ ਕੌਰ, (ਡਾ.), ਗੁਰਮਤਿ ਸੰਗੀਤ ਦੀ ਇਤਿਹਾਸਿਕ ਵਿਲੱਖਣਤਾ, ਭਾਈ ਚਤਰ ਸਿੰਘ ਜੀਵਨ ਸਿੰਘ,ਅੰਮ੍ਰਿਤਸਰ, 2006

ਪਦਮ, ਪਿਆਰਾ ਸਿੰਘ, ਸ੍ਰੀ ਗੁਰੂ ਗ੍ਰੰਥ ਪੰਥ ਪ੍ਰਕਾਸ਼, ਐਡੀਸ਼ਨ ਦੂਜੀ, ਕਲਮ ਮੰਦਿਰ, ਪਟਿਆਲਾ, 1977

ਪਦਮ, ਵਰਿੰਦਰ ਸਿੰਘ, (ਡਾ.), ਗੁਰਮਤਿ ਸੰਗੀਤ ਦਾ ਸੰਗੀਤ ਵਿਗਿਆਨ ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2005

ਪਰਮਵੀਰ ਸਿੰਘ, (ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ: ਚਿੰਤਨ ਅਤੇ ਵਿਚਾਰਧਾਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010

ਰਘਬੀਰ ਸਿੰਘ, ਗਾਵਹੁ ਸਚੀ ਬਾਣੀ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਂਕ ਦਿੱਲੀ, 1998

ਰਵੀ, ਰਵਿੰਦਰ ਕੌਰ, (ਡਾ.), ਸੰਗੀਤਾਚਾਰੀਆ ਭਾਈ ਕਾਨ੍ਹ ਸਿੰਘ ਨਾਭਾ, ਨਵਯੁਗ ਪਬਲੀਸ਼ਰਜ਼, ਨਵੀਂ ਦਿੱਲੀ, 2014


### ਹਿੰਦੀ ਪੁਸਤਕ ਸੂਚੀ


ਹਰਜਸ ਕੌਰ, (ਡਾ.), ਗੁਰਮਤਿ ਸੰਗੀਤ: ਪਰਿਚਯਾਤਮਿਕ ਅਧਿਐਨ, ਸੰਗੀਤ ਪ੍ਰਕਾਸ਼ਨ, ਪਟਿਆਲਾ, 1993

ਗੁਰਨਾਮ ਸਿੰਘ, (ਡਾ.), ਸ਼ਰਮਾ, ਯਸ਼ਪਾਲ, (ਡਾ.), ਗੁਰਮਤਿ ਸੰਗੀਤ ਰਾਗ ਰਤਨਾਵਲੀ, ਐਡੀਸ਼ਨ ਦੂਜ਼ਾ, ਸ਼ਬਦ ਨਿਧਿ ਪ੍ਰਕਾਸ਼ਨ, ਨਵੀਂ ਦਿੱਲੀ, 1999

ਰਾਏ, ਵਿਮਲਾ ਕਾਂਤ, (ਚੌਧਰੀ), ਭਾਰਤੀਯ ਸੰਗੀਤ ਕੋਸ਼, ਵਾਣੀ ਪ੍ਰਕਾਸ਼ਨ, ਦਿੱਲੀ, 1975


### ਕੋਸ਼


ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਗ (1-4), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2002

ਜੱਗੀ, ਰਤਨ ਸਿੰਘ, (ਡਾ.), ਗੁਰੂ ਗ੍ਰੰਥ ਵਿਸ਼ਵ ਕੋਸ਼, (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002

ਨਾਭਾ, ਕਾਨ੍ਹ ਸਿੰਘ, (ਭਾਈ), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, 1999


### ਪੱਤ੍ਰਿਕਾਵਾਂ


ਅੰਮ੍ਰਿਤਪਾਲ ਕੌਰ, (ਪ੍ਰੋ.), (ਸੰਪਾ.), ਖੋਜ ਪੱਤ੍ਰਿਕਾ, ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 2003

ਕੰਗ, ਗੁਲਜ਼ਾਰ ਸਿੰਘ, (ਡਾ.), ਵਿਸਮਾਦ ਨਾਦ, (ਸੰਪਾ.), ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਲੁਧਿਆਣਾ, ਜੁਲਾਈ 2006

ਜਗਜੀਤ ਸਿੰਘ, (ਡਾ.), ਸਤਵਿੰਦਰ ਸਿੰਘ ਫੂਲਪੁਰ (ਸੰਪਾ.), ਗੁਰਮਤਿ ਪ੍ਰਕਾਸ਼, ਅੰਕ ਸੱਤਵਾਂ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗ: ਪ੍ਰ: ਕਮੇਟੀ) ਸ੍ਰੀ ਅੰਮ੍ਰਿਤਸਰ, ਅਕਤੂਬਰ 2016



**Satwant Kaur** Patiala {MPhil Scholar)
Student of Dr. Nivedita Singh ji
HOD Music Dept.,
Punjabi University , Patiala

# ਤਿੰਨ ਤਾਲ  ਕਾਇਦਾ ਸੀਰੀਜ

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**
**(ਲਾਹੌਰ ਬਾਜ  ਪੰਜਾਬ ਘਰਾਣਾ)**

**ਕਾਇਦਾ ਨੰ : 2**

ਧਾਗੇ ਤਿਟ ਕਿਟ ਧਾੜ ਘਿਨਾ ਨਗ ਤੀਨਾ ਕਿਨਾ – ।
ਤਾਕੇ ਤਿਟ ਕਿਟ ਤਾੜ ਘਿਨਾ ਨਗ ਧਿਨਾ ਗਿਨਾ – ॥

**ਦੋਹਰਾ**

ਧਾਗੇਤਿਟ ਕਿਟਧਾੜ ਧਾਗੇਤਿਟ ਕਿਟਧਾੜ, ਧਾਗੇਤਿਟ ਕਿਟਧਾੜ ਘਿਨਾਨਗ ਤੀਨਾਕਿਨਾ – ।
ਤਾਕੇਤਿਟ ਕਿਟਤਾੜ ਤਾਕੇਤਿਟ ਕਿਟਤਾੜ, ਧਾਗੇਤਿਟ ਕਿਟਧਾੜ ਘਿਨਾਨਗ ਧਿਨਾਗਿਨਾ – ॥

**ਬੰਧ # 1**

ਘਿਨਾਨਗ ਧਾਗੇਤਿਟ ਕਿਟਧਾੜ ਘਿਨਾਨਗ, ਧਾਗੇਤਿਟ ਕਿਟਧਾੜ ਘਿਨਾਨਗ ਤੀਨਾਕਿਨਾ – ।
ਕਿਨਾਨਕ ਤਾਕੇਤਿਟ ਕਿਟਤਾੜ ਕਿਨਾਨਕ, ਧਾਗੇਤਿਟ ਕਿਟਧਾੜ ਘਿਨਾਨਗ ਧਿਨਾਗਿਨਾ – ॥

**ਬੰਧ # 2**

ਘਿਨਾਨਗ ਘਿਨਾਨਗ ਧਾਗੇਤਿਟ ਕਿਟਧਾੜ, ਧਾਗੇਤਿਟ ਕਿਟਧਾੜ ਘਿਨਾਨਗ ਤੀਨਾਕਿਨਾ – ।
ਕਿਨਾਨਕ ਕਿਨਾਨਕ ਤਾਕੇਤਿਟ ਕਿਟਤਾੜ, ਧਾਗੇਤਿਟ ਕਿਟਧਾੜ ਘਿਨਾਨਗ ਧਿਨਾਗਿਨਾ – ॥

**ਬੰਧ # 3**

ਧਾਗੇਤਿਟ ਕਿਟਧਾਗੇ ਤਿਟਕਿਟ ਧਾੜਘਿਨਾ, ਨਗਤਿਟ ਕਿਟਧਾੜ ਘਿਨਾਨਗ ਤੀਨਾਕਿਨਾ – ।
ਤਾਕੇਤਿਟ ਕਿਟਤਾਕੇ ਤਿਟਕਿਟ ਤਾੜਕਿਨਾ, ਨਗਤਿਟ ਕਿਟਧਾੜ ਘਿਨਾਨਗ ਧਿਨਾਗਿਨਾ – ॥

**ਬੰਧ # 4**

ਘਿਨਾਨਗ ਧਾਗੇਤਿਟ ਕਿਟਧਾਗੇ ਤਿਟਕਿਟ, ਧਾਗੇਤਿਟ ਕਿਟਧਾੜ ਘਿਨਾਨਗ ਤੀਨਾਕਿਨਾ – ।
ਕਿਨਾਨਕ ਤਾਕੇਤਿਟ ਕਿਟਤਾਕੇ ਤਿਟਕਿਟ, ਧਾਗੇਤਿਟ ਕਿਟਧਾੜ ਘਿਨਾਨਗ ਧਿਨਾਗਿਨਾ – ॥

**ਬੰਧ #5**

ਤਿਟਕਿਟ ਧਾੜਘਿਨਾ ਨਗਤਿਟ ਕਿਟਧਾੜ, ਘਿਨਾਨਗ ਘਿਨਾਨਗ ਘਿਨਾਨਗ ਤੀਨਾਕਿਨਾ – ।
iqtikt ਤਾੜਕਿਨਾ ਨਕਤਿਟ ਕਿਟਤਾੜ, ਘਿਨਾਨਗ ਘਿਨਾਨਗ ਘਿਨਾਨਗ ਧਿਨਾ – ॥

**ਬੰਧ # 6**

ਧਾਗੇਤਿਟ ਕਿਟਧਾਗੇ ਤਿਟਕਿਟ ਧਾਗੇਤਿਟ ਕਿਟਧਾੜ ਘਿਨਾਨਗ ਘਿਨਾਨਗ ਤੀਨਾਕਿਨਾ **– ।**
ਤਾਕੇਤਿਟ ਕਿਟਤਾਕੇ ਤਿਟਕਿਟ ਤਾਕੇਤਿਟ ਕਿਟਧਾੜ ਘਿਨਾਨਗ ਘਿਨਾਨਗ ਧਿਨਾਗਿਨਾ – ॥

## ਬੰਧ # 7

ਤਿਟਤਿਟ ਕਿਟਧਾੜ ਘਿਨਾਨਗ ਤਿਟਤਿਟ, ਕਿਟਧਾੜ ਘਿਨਾਨਗ ਘਿਨਾਨਗ ਤੀਨਾਕਿਨਾ - ।
ਤਿਟਤਿਟ ਕਿਟਤਾੜ ਕਿਨਾਨਕ ਤਿਟਤਿਟ, ਕਿਟਧਾੜ ਘਿਾਨਨਗ ਘਿਨਾਨਗ ਧਿਨਾਗਿਨਾ - ॥

## ਬੰਧ # 8

ਤਿਟਤਿਟ ਤਿਟਤਿਟ ਕਿਟਧਾੜ ਘਿਨਾਨਗ, ਤਿਟਤਿਟ ਤਿਟਤਿਟ ਘਿਨਾਨਗ ਤੀਨਾਕਿਨਾ - ।
ਤਿਟਤਿਟ ਤਿਟਤਿਟ ਕਿਟਤਾੜ ਕਿਨਾਨਕ, ਤਿਟਤਿਟ ਤਿਟਤਿਟ ਘਿਨਾਨਗ ਧਿਨਾਗਿਨਾ - ॥

## ਚਕਰਦਾਰ ਤਿਹਾਈ

ਤਿਟਤਿਟ ਕਿਟਧਾੜ ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ-, ਤਿਟਤਿਟ
ਕਿਟਧਾੜ ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ-, ਤਿਟਤਿਟ ਕਿਟਧਾੜ
ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ,। ਧਾ-

x

**ਨੋਟ :** ਰਵਾਇਤੀ ਬੋਲੀ ਵਿੱਚ ਪਲਟੇ ਨੂੰ ਹੀ ਬੰਧ ਕਿਹਾ ਜਾਂਦਾ ਹੈ। ਇਸ ਕਾਇਦੇ ਦੇ ਨਿਕਾਸ ਸਬੰਧੀ ਜਾਂ ਹੋਰ ਜਾਣਕਾਰੀ ਲਈ ਸਿੱਖਆਰਥੀ ਮੈਨੂੰ ਫੋਨ ਕਾਲ ਕਰ ਸਕਦੇ ਹਨ।

**# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ - 143519**
**ਜ਼ਿਲ੍ਹਾ : ਗੁਰਦਾਸਪੁਰ, ਪੰਜਾਬ - ਭਾਰਤ**
**ਫੋਨ : +91- 98143 49658**
**Mail : harbhajansinghdhariwal@gmail.com**

# ਰਾਗੁ ਦੇਵਗੰਧਾਰੀ

ਸੁਰਲਿਪੀ ਗਿ. ਗੁਰਦੇਵ ਸਿੰਘ ਸਿਡਨੀ, ਆਸਟਰੇਲੀਆ

**ਸੁਰ :** ਦੋਵੇਂ ਧੈਵਤ ਤੇ ਦੋਵੇਂ ਨਿਸ਼ਾਦ, ਬਾਕੀ ਸਾਰੇ ਸ਼ੁਧ॥

**ਵਾਦੀ ਸਵਰ** : ਮ ॥ **ਸੰਵਾਦੀ ਸਵਰ** : ਸ ॥

**ਜਾਤੀ** : ਓੜਵ-ਸੰਪੂਰਣ ( ਆਰੋਹ ਵਿਚ 'ਗ ਨੀ' ਵਰਜਿਤ)॥

**ਗਾਇਨ ਸਮਾਂ :** ਦਿਨ ਦਾ ਦੂਜਾ ਪਹਿਰ ॥

**ਆਰੋਹ :** ਸ ਰੇ ਮ ਪ ਧ ਸੰ ॥

**ਅਵਰੋਹ :** ਸੰ ਨੀ ਧ ਪ, ਮ ਪ ਧੁ ਨੁੀ ਧੁ ਪ ਮ, ਗ ਰੇ, ਸ ਰੇ ਗ-ਸ॥

**ਪਕੜ :** ਧੁ ਨੁੀ ਧੁ ਪ ਮ, ਗ, ਸ ਰੇ ਮ, ਗ, ਸ ਰੇ ਗ-ਸ ॥

# ਰਾਗੁ ਦੇਵਗੰਧਾਰੀ (ਝੱਪ ਤਾਲ)

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | **ਅਸਥਾਈ** | | | | | |
| **ਧੁ** | **ਨੁੀ** | **ਧੁ** | **ਧੁ** | **ਪ** | **ਮ** | **ਗ** | **ਸ** | **ਸ** | **ਰੇ** |
| ਜ | ਗ | ਤ | .. | ਮੈਂ | ਝੂ | .. | ਠੀ | .. | .. |
| **ਮ** | **ਮ** | **ਮ** | **ਰੇ** | **ਮ** | **ਪ** | **ਪ** | **ਧੁ**ਨੀ | **ਧੁ** | **ਪ** |
| ਦੇ | .. | ਖੀ | .. | .. | ਪ੍ਰੀ | .. | ਤਿ | .. | .. |
| **ਸ** | **ਰੇ** | **ਮ** | **ਮ** | **ਮ** | **ਪ** | **ਪ** | **ਪ** | **ਪ** | **ਪ** |
| ਅ | ਪ | ਨੇ | .. | .. | ਹੀ | .. | ਸੁ | ਖ | .. |
| **ਮ** | **ਗ** | **ਸ** | **ਸ** | **ਰੇਗ** | **ਰੇਗ** | **ਗਰੇ** | **ਸ** | **ਸ** | **ਸ** |
| ਸਿਉ | .. | ਸ | .. | ਭ.. | ਲਾ.. | .... | ਗੇ | .. | .. |
| **ਮ** | **ਪ** | **ਧ** | **ਧ** | **ਪਧ** | **ਸੰ** | **ਸੰ** | **ਸੰ** | **ਸੰ** | **ਸ** |
| ਕਿਆ | .. | ਦਾ | .. | .... | ਰਾ | .. | .. | ਕਿਆ | .. |
| **ਨੀ** | **ਨੀ** | **ਧ** | **ਧ** | **ਪ** | **ਮ** | **ਪ** | **ਨੁੀਧੁ** | **ਧੁ** | **ਪ** |
| **ਮੀ** | **..** | **..** | **..** | **..** | **..** | **..** | **ਤ..** | **..** | **..** |

| x | | 2 | | | 0 | | 3 | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| | | | | | **ਅੰਤਰਾ** | | | | |
| **ਮ** | **ਪ** | **ਧ** | | **ਧ** | | **ਧ** | **ਸੰ** | **ਸੰ** | |
| **ਸੰ** | **ਸੰ** | **ਸੰ** | | | | | | | |
| ਮੇ | .. | ਰਉ | | .. | | .. | ਮੇ | .. | |
| ਰਉ | .. | .. | | | | | | | |
| **ਨੀ** | **ਧ** | **ਪ** | | **ਪ** | | **ਧ਼** | **ਸੰ** | **ਸੰ** | |
| **ਸੰ** | **ਸੰ** | **ਸੰ** | | | | | | | |
| ਸ | ਭੈ | .. | | .. | | ਕ | ਹ | ਤ | |
| ਹੈ | .. | .. | | | | | | | |
| **ਧ** | **ਧ** | **ਸੰ** | | **ਸੰ** | **ਰੇਂਗਂ** | | **ਰੇਂਗਂ** | **ਗਂਰੇਂ** | |
| **ਸੰ** | **ਸੰ** | **ਸੰ** | | | | | | | |
| ਹਿ | ਤ | ਸਿਉ | | .. | .... | | ਬਾ.. | .... | |
| ਧਿ | ਓ | .. | | | | | | | |
| **ਨੀ** | **ਨੀ** | **ਧ** | | **ਧ** | | **ਪ** | **ਮ** | **ਪ** | |
| **ਧ਼** | **ਧ਼** | **ਪ** | | | | | | | |
| ਚੀ | .. | .. | | .. | .. | | ਤ | .. | |

RNI Regd. No. 46788/89 ISSN 0972-2335

## ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਦੇਵਗੰਧਾਰੀ ਮਹਲਾ ੯ ॥

dhaevaga(n)dhhaaree mehalaa 9 ||

Raag Dayv-Gandhaaree, Ninth Mehl:

ਜਗਤ ਮੈ ਝੂਠੀ ਦੇਖੀ ਪ੍ਰੀਤਿ ॥

jagath mai jhoot(h)ee dhaekhee preeth ||

In this world, I have seen love to be false.

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥ ਰਹਾਉ ॥

apanae hee sukh sio sabh laagae kiaa dhaaraa kiaa meeth ||1|| rehaao ||

Whether they are spouses or friends, all are concerned only with their own happiness. ||1||Pause||

ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥

maero maero sabhai kehath hai hith sio baadhhiou cheeth ||

All say, Mine, mine, and attach their consciousness to you with love.

ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥੧॥

a(n)th kaal sa(n)gee neh kooo eih acharaj hai reeth ||1||

But at the very last moment, none shall go along with you. How strange are the ways of the world! ||1||

ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥

man moorakh ajehoo neh samajhath sikh dhai haariou neeth ||

The foolish mind has not yet reformed itself, although I have grown weary of continually instructing it.

ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥੩॥੬॥੩੮॥੪੭॥

naanak bhoujal paar parai jo gaavai prabh kae geeth ||2||3||6||38||47||

O Nanak, one crosses over the terrifying world-ocean, singing the Songs of God. ||2||3||6||38||47||

(ਬਾਣੀ ਗੁਰੂ ਅਰਜਨ ਦੇਵ ਜੀ (ਅੰਗ 986, ਰਾਗੁ ਮਾਲੀ ਗਉੜਾ)